# Punjab Government Gazette

## EXTRAORDINARY

*Published by Authority*

CHANDIGARH, FRIDAY, SEPTEMBER 25, 2026
(ASVINA 3, 1948 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਪੰਜਾਬ ਜ਼ਰਾਇਤੀ ਉਧਾਰ ਕਿਰਿਆਵਾਂ ਅਤੇ ਫੁੱਟਕਲ ਉਪਬੰਧ (ਬੈਂਕ) ਐਕਟ, 1978 (1979 ਦਾ ਪੰਜਾਬ ਐਕਟ ਨੰ. 5) | ...1027-1042 |
| | 2. ਪੰਜਾਬ ਜ਼ਰਾਇਤੀ ਰਿਣਦਾਰੀ ਨਿਪਟਾਰਾ ਐਕਟ, 2016 (2016 ਦਾ ਪੰਜਾਬ ਐਕਟ ਨੰ. 15) | ...1043-1057 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


———

ਭਾਗ–1

## ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 25 ਸਤੰਬਰ, 2026

**ਨੰ.68/ਭ:ਕ/2026.**– ਪੰਜਾਬ ਜ਼ਰਾਇਤੀ ਉਧਾਰ ਕਿਰਿਆਵਾਂ ਅਤੇ ਫੁੱਟਕਲ ਉਪਬੰਧ (ਬੈਂਕ) ਐਕਟ, 1978 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6–ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 25th September, 2026

**No.68/L.C./2026.-** The Translation in Punjabi of the Punjab Agriculture Credit Operations and Miscellaneous Provisions (Banks) Act, 1978 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

## ਪੰਜਾਬ ਜ਼ਰਾਇਤੀ ਉਧਾਰ ਕਿਰਿਆਵਾਂ ਅਤੇ ਫੁੱਟਕਲ ਉਪਬੰਧ (ਬੈਂਕ) ਐਕਟ, 1978

(1979 ਦਾ ਪੰਜਾਬ ਐਕਟ ਨੰ. 5)

ਬੈਂਕਾਂ ਅਤੇ ਹੋਰ ਸੰਸਥਾਗਤ ਉਧਾਰ ਏਜੰਸੀਆਂ ਰਾਹੀਂ ਜ਼ਰਾਇਤੀ ਉਤਪਾਦਨ ਅਤੇ ਵਿਕਾਸ ਲਈ ਉਧਾਰ ਦੇ ਚੋਖੇ ਵਹਾਅ ਨੂੰ ਸੌਖਾ ਬਣਾਉਣ ਲਈ ਅਤੇ ਉਸ ਨਾਲ ਤੱਲਕ ਰੱਖਦੇ ਜਾਂ ਉਸਦੇ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਉਣੱਤੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ-ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:–

### ਅਧਿਆਇ I

ਪ੍ਰਾਰੰਭਿਕ

1. (1) ਇਸ ਐਕਟ ਨੂੰ ਪੰਜਾਬ ਜ਼ਰਾਇਤੀ ਉਧਾਰ ਕਿਰਿਆਵਾਂ ਅਤੇ ਫੁੱਟਕਲ ਉਪਬੰਧ (ਬੈਂਕ) ਐਕਟ, 1978 ਕਿਹਾ ਜਾ ਸਕੇਗਾ। ਸੰਖੇਪ ਨਾਂ, ਵਿਸਤਾਰ ਅਤੇ ਅਰੰਭ।

(2) ਇਸਦਾ ਵਿਸਤਾਰ ਪੂਰੇ ਪੰਜਾਬ ਰਾਜ 'ਤੇ ਹੈ।

(3) ਇਹ ਅਜਿਹੀ ਤਰੀਕ ਤੋਂ ਨਾਫ਼ਜ਼ ਹੋਵੇਗਾ ਜੋ ਰਾਜ ਸਰਕਾਰ, ਅਧਿਸੂਚਨਾ ਦੁਆਰਾ ਨਿਯਤ ਕਰੇ ਅਤੇ ਇਸ ਐਕਟ ਦੇ ਵੱਖ-ਵੱਖ ਉਪਬੰਧਾਂ ਲਈ ਅਤੇ ਰਾਜ ਦੇ ਵੱਖ-ਵੱਖ ਖੇਤਰਾਂ ਲਈ ਵੱਖ-ਵੱਖ ਤਰੀਕਾਂ ਨਿਯਤ ਕੀਤੀਆਂ ਜਾ ਸਕਦੀਆਂ ਹਨ।

ਪਰਿਭਾਸ਼ਾਵਾਂ। 2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,–

(ੳ) "ਖੇਤੀ" ਅਤੇ "ਜ਼ਰਾਇਤੀ ਪ੍ਰਯੋਜਨ" ਵਿੱਚ ਭੌਂ ਨੂੰ ਕਾਸ਼ਤ ਲਈ ਯੋਗ ਬਣਾਉਣਾ, ਭੌਂ ਦੀ ਕਾਸ਼ਤ, ਭੌਂ ਦਾ ਸੁਧਾਰ, ਸਿੰਚਾਈ ਦੇ ਸਾਧਨਾਂ ਦੇ ਵਿਕਾਸ ਸਮੇਤ ਫ਼ਸਲਾਂ ਨੂੰ ਉਗਾਉਣਾ, ਸੁਰੱਖਿਅਤ ਰੱਖਣਾ ਅਤੇ ਵਾਢੀ ਕਰਨਾ, ਬਾਗਬਾਨੀ, ਵਣ, ਪੌਦੇ ਲਗਾਉਣਾ ਅਤੇ ਖੇਤੀ ਕਰਨਾ, ਡੰਗਰ-ਨਸਲਕਸ਼ੀ, ਪਸ਼ੂ-ਪਾਲਣ, ਡੇਰੀ ਕਿਰਸਾਣੀ, ਬੀਜ ਕਿਰਸਾਣੀ, ਮੱਛੀ ਪਾਲਣ, ਮਧੂ-ਮੱਖੀ ਪਾਲਣ, ਰੇਸ਼ਮ ਦੇ ਕੀੜੇ ਪਾਲਣ, ਸੂਰ ਪਾਲਣ, ਮੁਰਗੀ ਪਾਲਣ ਅਤੇ ਅਜਿਹੀਆਂ ਹੋਰ ਸਰਗਰਮੀਆਂ ਸ਼ਾਮਲ ਹੋਣਗੀਆਂ ਜੋ ਆਮ ਤੌਰ 'ਤੇ ਕਾਸ਼ਤਕਾਰਾਂ, ਡੇਰੀ ਕਿਸਾਨਾਂ, ਡੰਗਰ ਨਸਲਕਸ਼ਾਂ, ਮੁਰਗੀ ਪਾਲਣ ਕਿਸਾਨਾਂ ਅਤੇ ਸਮਾਨ ਸਰਗਰਮੀਆਂ ਵਿੱਚ ਲੱਗੇ ਵਿਅਕਤੀਆਂ ਦੀਆਂ ਹੋਰ ਸ਼੍ਰੇਣੀਆਂ ਦੁਆਰਾ ਕੀਤੀਆਂ ਜਾਂਦੀਆਂ ਹਨ, ਜਿਸ ਵਿੱਚ ਜ਼ਰਾਇਤੀ ਉਤਪਾਦਾਂ ਦਾ ਮੰਡੀਕਰਨ, ਉਹਨਾਂ ਦਾ ਭੰਡਾਰਨ ਅਤੇ ਟਰਾਂਸਪੋਰਟ, ਅਤੇ ਅਜਿਹੀ ਕਿਸੇ ਸਰਗਰਮੀ ਦੇ ਤੱਲਕ ਵਿੱਚ ਔਜਾਰਾਂ ਅਤੇ ਮਸ਼ੀਨਰੀ ਦਾ ਅਰਜਤਕਰਣ ਸ਼ਾਮਲ ਹੈ;

(ਅ) "ਕਾਸ਼ਤਕਾਰ" ਦਾ ਮਤਲਬ ਹੈ ਉਹ ਵਿਅਕਤੀ ਜੋ ਖੇਤੀ ਵਿੱਚ ਲੱਗਿਆ ਹੋਇਆ ਹੈ;

(ੲ) "ਖੇਤੀ-ਉਦਯੋਗ ਨਿਗਮ" ਦਾ ਮਤਲਬ ਹੈ ਇੱਕ ਕੰਪਨੀ ਜਾਂ ਹੋਰ ਨਿਗਮਤ ਬੌਡੀ, ਜਿਸਦੇ ਮੁੱਖ ਉਦੇਸ਼ਾਂ ਵਿੱਚੋਂ ਇੱਕ ਖੇਤੀ ਦੇ ਵਿਕਾਸ ਨਾਲ ਤੱਲਕ ਰੱਖਦੀਆਂ ਜਾਂ ਉਨ੍ਹਾਂ ਲਈ ਚਿਤਵਤ ਸਰਗਰਮੀਆਂ ਦਾ ਜਿੰਮਾਂ ਲੈਣਾ ਹੈ, ਅਤੇ ਜਿਸਦੀ ਚੁਕਤਾ ਸ਼ੇਅਰ-ਪੂੰਜੀ ਦਾ ਘੱਟੋ-ਘੱਟ ਇੱਕਵੰਜਾ ਫ਼ੀਸਦੀ ਹਿੱਸਾ ਕੇਂਦਰੀ ਸਰਕਾਰ ਜਾਂ ਕਿਸੇ ਰਾਜ ਸਰਕਾਰ ਜਾਂ ਸਰਕਾਰਾਂ ਦੁਆਰਾ ਜਾਂ ਅਸ਼ਿਕ ਤੌਰ 'ਤੇ ਕੇਂਦਰੀ ਸਰਕਾਰ ਅਤੇ ਅੰਸ਼ਿਕ ਤੌਰ 'ਤੇ ਇੱਕ ਜਾਂ ਵੱਧ ਰਾਜ ਸਰਕਾਰਾਂ ਦੁਆਰਾ ਰੱਖਿਆ ਗਿਆ ਹੈ;

(ਸ) "ਬੈਂਕ" ਦਾ ਮਤਲਬ ਹੈ,—

(i) ਬੈਂਕਿੰਗ ਵਿਨਿਯਮਨ ਐਕਟ, 1949 ਵਿੱਚ ਪਰਿਭਾਸ਼ਤ ਇੱਕ ਬੈਂਕਿੰਗ ਕੰਪਨੀ;

(ii) ਭਾਰਤੀ ਸਟੇਟ ਬੈਂਕ ਐਕਟ, 1955 ਅਧੀਨ ਗਠਤ ਕੀਤਾ ਭਾਰਤੀ ਸਟੇਟ ਬੈਂਕ;

(iii) ਭਾਰਤੀ ਸਟੇਟ ਬੈਂਕ (ਸਹਾਇਕ ਬੈਂਕਾਂ) ਐਕਟ, 1959 ਵਿੱਚ ਪਰਿਭਾਸ਼ਤ ਇੱਕ ਸਹਾਇਕ ਬੈਂਕ;

(iv) ਬੈਂਕਿੰਗ ਕੰਪਨੀਜ਼ (ਉਪਕ੍ਰਮਾਂ ਦਾ ਅਰਜਨ ਅਤੇ ਇੰਤਕਾਲ) ਐਕਟ, 1970 ਦੀ ਪਹਿਲੀ ਅਨੁਸੂਚੀ ਦੇ ਕਾਲਮ 2 ਵਿੱਚ ਜ਼ਿਕਰ ਕੀਤੇ ਗਏ ਬੈਂਕਾਂ ਵਿੱਚੋਂ ਕੋਈ ਵੀ ਬੈਂਕ;

(v) ਬੈਂਕਿੰਗ ਵਿਨਿਯਮਨ ਐਕਟ, 1949 ਦੀ ਧਾਰਾ 51 ਦੇ ਅਧੀਨ ਕੇਂਦਰੀ ਸਰਕਾਰ ਦੁਆਰਾ ਅਧਿਸੂਚਤ ਕੋਈ ਬੈਂਕਿੰਗ ਸੰਸਥਾ;

(vi) ਜ਼ਰਾਇਤੀ ਮੁੜ-ਵਿੱਤ ਨਿਗਮ ਐਕਟ, 1963 ਅਧੀਨ ਗਠਤ ਕੀਤਾ ਜ਼ਰਾਇਤੀ ਮੁੜ-ਵਿੱਤ ਨਿਗਮ;

(vii) ਖੰਡ (ੲ) ਵਿੱਚ ਪਰਿਭਾਸ਼ਤ ਕੀਤਾ ਗਿਆ ਖੇਤੀ-ਉਦਯੋਗ ਨਿਗਮ;

(viii) ਜ਼ਰਾਇਤੀ ਵਿੱਤ ਨਿਗਮ ਲਿਮਟਿਡ, ਕੰਪਨੀ ਐਕਟ, 1956 ਦੇ ਅਧੀਨ ਨਿਗਮਤ ਇੱਕ ਕੰਪਨੀ;

(ix) ਇਸ ਐਕਟ ਦੇ ਪ੍ਰਯੋਜਨਾਂ ਲਈ ਰਾਜ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਬੈਂਕ ਵਜੋਂ ਅਧਿਸੂਚਿਤ ਕੀਤੀ ਗਈ ਕੋਈ ਹੋਰ ਵਿੱਤੀ ਸੰਸਥਾ; ਅਤੇ

(x) ਪੰਜਾਬ ਸਹਿਕਾਰੀ ਸੋਸਾਇਟੀਆਂ ਐਕਟ, 1961 ਅਧੀਨ ਰਜਿਸਟਰਸ਼ੁਦਾ ਪੰਜਾਬ ਰਾਜ ਸਹਿਕਾਰੀ ਬੈਂਕ, ਕੇਂਦਰੀ ਸਹਿਕਾਰੀ ਬੈਂਕ, ਸ਼ਹਿਰੀ ਸਹਿਕਾਰੀ ਬੈਂਕ, ਮੁੱਢਲਾ ਸਹਿਕਾਰੀ ਖੇਤੀ ਵਿਕਾਸ ਬੈਂਕ, ਮੁੱਢਲਾ ਸਹਿਕਾਰੀ ਸੋਸਾਇਟੀਆਂ ਜੋ ਆਪਣੇ ਮੈਂਬਰਾਂ ਨੂੰ ਵਿੱਤੀ ਸਹਾਇਤਾ ਦਿੰਦੀਆਂ ਹਨ;

(ਹ) "ਸਹਿਕਾਰੀ ਸੋਸਾਇਟੀ" ਦਾ ਮਤਲਬ ਹੈ ਪੰਜਾਬ ਸਹਿਕਾਰੀ ਸੋਸਾਇਟੀਆਂ ਐਕਟ, 1961 ਦੀ ਧਾਰਾ 2 ਦੇ ਖੰਡ (ੲ) ਵਿੱਚ ਪਰਿਭਾਸ਼ਤ ਕੀਤੀ ਗਈ ਸਹਿਕਾਰੀ ਸੋਸਾਇਟੀ, ਜਿਸਦਾ ਉਦੇਸ਼ ਇਸ ਧਾਰਾ ਦੇ ਖੰਡ (ਕ) ਵਿੱਚ ਪਰਿਭਾਸ਼ਤ ਅਨੁਸਾਰ ਆਪਣੇ ਮੈਂਬਰਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਹੈ ਅਤੇ ਇਸ ਵਿੱਚ ਸਹਿਕਾਰੀ ਭੋਂ ਰਹਿਨ ਬੈਂਕ ਸ਼ਾਮਲ ਹੈ;

(ਕ) "ਵਿੱਤੀ ਸਹਾਇਤਾ" ਦਾ ਮਤਲਬ ਹੈ ਜ਼ਰਾਇਤੀ ਪ੍ਰਯੋਜਨ ਲਈ ਕਰਜ਼ਿਆਂ, ਪੇਸ਼ਗੀਆਂ, ਗਰੰਟੀ ਜਾਂ ਹੋਰਵੇਂ ਤੌਰ 'ਤੇ ਦਿੱਤੀ ਗਈ ਸਹਾਇਤਾ;

(ਖ) "ਰਜਿਸਟਰਾਰ" ਦਾ ਮਤਲਬ ਹੈ ਪੰਜਾਬ ਸਹਿਕਾਰੀ ਸੋਸਾਇਟੀਆਂ ਐਕਟ, 1961 ਦੀ ਧਾਰਾ 2 ਦੇ ਖੰਡ (ਙ) ਵਿੱਚ ਪਰਿਭਾਸ਼ਤ ਕੀਤਾ ਗਿਆ ਰਜਿਸਟਰਾਰ।

**ਅਧਿਆਇ II**

ਬੈਂਕਾਂ ਦੇ ਹੱਕ ਵਿੱਚ ਕਾਸ਼ਤਕਾਰਾਂ ਦੇ ਭੋਂ 'ਤੇ ਚਾਰਜ ਅਤੇ
ਉਸ ਵਿੱਚ ਹਿੱਤ ਸਿਰਜਤ ਕਰਨ ਦੇ ਅਧਿਕਾਰ

ਬੈਂਕ ਦੇ ਪੱਖ ਵਿੱਚ ਫ਼ਸਲ ਅਤੇ ਹੋਰ ਚੁੱਕਵੀਂ ਸੰਪੱਤੀ ਤੇ ਚਾਰਜ/ਭਾਰ।

3. (1) ਕਿਸੇ ਕਾਸ਼ਤਕਾਰ ਲਈ ਕਿਸੇ ਬੈਂਕ ਤੋਂ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਆਪਣੀ ਮਲਕੀਅਤ ਵਾਲੀ ਚੁੱਕਵੀਂ ਸੰਪੱਤੀ 'ਤੇ ਜਾਂ ਆਪਣੇ ਦੁਆਰਾ ਉਗਾਈਆਂ ਗਈਆਂ ਫ਼ਸਲਾਂ 'ਤੇ, ਖੜ੍ਹੀਆਂ ਜਾਂ ਹੋਰਵੇਂ, ਉਸ ਵਿੱਚ ਆਪਣੇ ਹਿੱਤ ਦੀ ਹੱਦ ਤੱਕ, ਕਿਸੇ ਬੈਂਕ ਦੇ ਹੱਕ ਵਿੱਚ ਚਾਰਜ ਸਿਰਜਤ ਕਰਨਾ ਕਾਨੂੰਨਪੂਰਨ ਹੋਵੇਗਾ, ਇਸ ਗੱਲ ਦੇ ਹੁੰਦਿਆਂ ਹੋਇਆਂ ਵੀ ਕਿ ਉਹ ਉਸ ਭੋਂ ਦਾ ਮਾਲਕ ਨਾ ਹੋਵੇ, ਜਿਸ 'ਤੇ ਅਤੇ ਜਿਸ ਤੋਂ ਫ਼ਸਲ ਉਗਾਈ ਜਾਂਦੀ ਹੈ।

(2) ਪੰਜਾਬ ਸਹਿਕਾਰੀ ਸੋਸਾਇਟੀਆਂ ਐਕਟ, 1961 ਜਾਂ ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਉਲਟ ਹੁੰਦਿਆਂ ਹੋਇਆਂ ਵੀ, ਕਿਸੇ ਸਹਿਕਾਰੀ ਸੋਸਾਇਟੀ ਦੁਆਰਾ ਕਿਸੇ ਕਾਸ਼ਤਕਾਰ ਨੂੰ ਦਿੱਤੀ ਗਈ ਵਿੱਤੀ ਸਹਾਇਤਾ ਦੇ ਬਾਰੇ ਵਿੱਚ ਕੋਈ ਵੀ ਭਾਰ, ਉਸ ਦੁਆਰਾ ਉਗਾਈਆਂ ਜਾਂਦੀਆਂ ਫ਼ਸਲਾਂ, ਖੜ੍ਹੀਆਂ ਜਾਂ ਹੋਰਵੇਂ, ਜਾਂ ਕਿਸੇ ਬੈਂਕ ਦੁਆਰਾ ਉਸਨੂੰ ਦਿੱਤੀ ਗਈ ਕਿਸੇ ਵਿੱਤੀ ਸਹਾਇਤਾ ਦੇ ਬਾਰੇ ਵਿੱਚ ਕਿਸੇ ਹੋਰ ਚੁੱਕਵੀਂ ਸੰਪੱਤੀ ਤੇ ਅਗੇਤ ਨਹੀਂ ਰੱਖੇਗਾ:

ਪਰੰਤੂ ਬੈਂਕ ਦੁਆਰਾ ਕੀਤੀ ਗਈ ਵਿੱਤੀ ਸਹਾਇਤਾ —

(ੳ) ਸਹਿਕਾਰੀ ਸੋਸਾਇਟੀ ਦੁਆਰਾ ਦਿੱਤੀ ਗਈ ਵਿੱਤੀ ਸਹਾਇਤਾ ਦੇ ਸਮੇਂ ਦੇ ਪੱਖੋਂ ਪਹਿਲਾਂ ਦੀ ਹੋਵੇ; ਅਤੇ

(ਅ) ਸਹਿਕਾਰੀ ਸੋਸਾਇਟੀ ਜਾਂ ਉਸ ਖੇਤਰ ਦੀਆਂ ਸਹਿਕਾਰੀ ਸੋਸਾਇਟੀਆਂ ਤੋਂ ਮੁਕੱਰਰ ਫ਼ਾਰਮ ਵਿੱਚ, ਇੱਕ ਪ੍ਰਮਾਣ ਪੱਤਰ ਤੇ ਹੋਵੇ, ਜਿੱਥੇ ਕਾਸ਼ਤਕਾਰ ਰਹਿੰਦਾ ਹੈ।

(3) ਉਸ ਖੇਤਰ ਵਿੱਚ ਇੱਕ ਸਹਿਕਾਰੀ ਸੋਸਾਇਟੀ ਜਿੱਥੇ ਕਾਸ਼ਤਕਾਰ ਭੋਂ ਧਾਰਨ ਕਰਦਾ ਹੈ, ਉਸ ਦੁਆਰਾ ਮੰਗ ਕਰਨ 'ਤੇ ਉਪ-ਧਾਰਾ (2) ਵਿੱਚ ਹਵਾਲਾ ਦਿੱਤਾ ਗਿਆ ਪ੍ਰਮਾਣ-ਪੱਤਰ ਜਾਰੀ ਕਰੇਗੀ।

(4) ਰਜਿਸਟਰਾਰ ਜਾਂ ਇਸ ਨਮਿੱਤ ਉਸ ਦੁਆਰਾ ਨਿਯੁਕਤ ਕੀਤਾ ਗਿਆ ਕੋਈ ਹੋਰ ਵਿਅਕਤੀ ਪੰਜਾਬ ਸਹਿਕਾਰੀ ਸੋਸਾਇਟੀਆਂ ਐਕਟ, 1961 ਦੇ ਅਧੀਨ ਰਜਿਸਟਰਸ਼ੁਦਾ

ਸਹਿਕਾਰੀ ਸੋਸਾਇਟੀਆਂ ਦੀ ਇੱਕ ਸੂਚੀ ਤਿਆਰ ਕਰੇਗਾ ਅਤੇ ਅਜਿਹੇ ਵਕਫ਼ੇ ਤੋਂ ਪਿੱਛੋਂ, ਜਿਵੇਂ ਮੁਕੱਰਰ ਕੀਤਾ ਜਾਵੇ, ਉਸਨੂੰ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕਰੇਗਾ।

(5) ਇੱਕ ਬੈਂਕ ਰਾਜ ਸਰਕਾਰ ਦੇ ਇੱਕ ਅਧਿਕਾਰੀ ਰਾਹੀਂ ਜਿਸਨੂੰ ਰਾਜ ਸਰਕਾਰ ਦੁਆਰਾ ਇਸ ਨਮਿੱਤ ਨਾਮਤ ਕੀਤਾ ਗਿਆ ਹੈ, ਭਾਰਿਤ ਫ਼ਸਲ ਜਾਂ ਹੋਰ ਉਪਜ ਜਾਂ ਹੋਰ ਚੁੱਕਵੀਆਂ ਨੂੰ ਉਸ ਬੈਂਕ ਵਿੱਚ ਕਾਸ਼ਤਕਾਰ ਦੇ ਹਿੱਤ ਦੀ ਹੱਦ ਤੱਕ ਕੁਰਕ ਕਰ ਸਕਦਾ ਹੈ ਅਤੇ ਵਿਕਰੀ ਕਰ ਸਕਦਾ ਹੈ ਅਤੇ ਅਜਿਹੀ ਵਿਕਰੀ ਦੀਆਂ ਵਟਕਾਂ ਨੂੰ ਉਸ ਕਾਸ਼ਤਕਾਰ ਤੋਂ ਬੈਂਕ ਨੂੰ ਦੇਣਯੋਗ ਸਭ ਧਨ ਪ੍ਰਤੀ ਨਮਿੱਤਣ ਕਰੇਗਾ।

ਐਲਾਨ ਦੁਆਰਾ ਬੈਂਕ ਦੇ ਹੱਕ ਵਿੱਚ ਭੋਂ 'ਤੇ ਭਾਰ ਦੀ ਸਿਰਜਣਾ।

4. (1) ਜਿੱਥੇ ਕੋਈ ਕਾਸ਼ਤਕਾਰ, ਕਿਸੇ ਬੈਂਕ ਵੱਲੋਂ ਉਸਨੂੰ ਦਿੱਤੀ ਗਈ ਕਿਸੇ ਵਿੱਤੀ ਸਹਾਇਤਾ ਦੇ ਬਾਰੇ ਵਿੱਚ ਆਪਣੀ ਭੋਂ ਜਾਂ ਕਿਸੇ ਹੋਰ ਅਚੁੱਕਵੀਂ ਸੰਪੱਤੀ ਉੱਤੇ, ਜੋ ਉਸਦੀ ਮਲਕੀਅਤ ਵਿੱਚ ਹੈ ਜਾਂ ਜਿਸ ਵਿੱਚ ਉਸਦਾ ਕੋਈ ਹਿੱਤ ਹੈ, ਕੋਈ ਭਾਰ ਸਿਰਜਦਾ ਹੈ, ਅਨੁਸੂਚੀ ਵਿੱਚ ਦਿੱਤੇ ਗਏ ਫ਼ਾਰਮ ਦੀ ਤਰਜ਼ ਤੇ ਜਾਂ ਉਸ ਦੇ ਇੰਨੇ ਨੇੜੇ, ਜਿਵੇਂ ਹਾਲਾਤ ਇਜਾਜ਼ਤ ਦੇਣ, ਇੱਕ ਐਲਾਨ ਕਰ ਸਕਦਾ ਹੈ ਕਿ ਬੈਂਕ ਵੱਲੋਂ ਦਿੱਤੀ ਗਈ ਵਿੱਤੀ ਸਹਾਇਤਾ ਨੂੰ ਸੁਰੱਖਿਅਤ ਕਰਨ ਲਈ ਉਹ ਇਸ ਬੈਂਕ ਦੇ ਹੱਕ ਵਿੱਚ, ਅਜਿਹੀ ਭੋਂ ਜਾਂ ਹੋਰ ਅਚੁੱਕਵੀਂ ਸੰਪੱਤੀ ਉੱਤੇ, ਜਾਂ ਉਸ ਵਿੱਚ ਉਸਦੇ ਹਿੱਤ ਉੱਤੇ, ਜਿਹੀ ਕਿ ਸੂਰਤ ਹੋਵੇ, ਇੱਕ ਭਾਰ ਸਿਰਜਦਾ ਹੈ।।

(2) ਉਪ-ਧਾਰਾ (1) ਅਧੀਨ ਕੀਤਾ ਗਿਆ ਐਲਾਨ ਸਮੇਂ-ਸਮੇਂ 'ਤੇ ਕਾਸ਼ਤਕਾਰ ਦੁਆਰਾ ਉਸ ਬੈਂਕ ਦੀ ਰਜ਼ਾਮੰਦੀ ਨਾਲ ਅਦਲ-ਬਦਲ ਕੀਤਾ ਜਾ ਸਕਦਾ ਹੈ ਜਿਸਦੇ ਹੱਕ ਵਿੱਚ ਐਲਾਨ ਕੀਤਾ ਗਿਆ ਹੈ ਅਤੇ ਅਜਿਹੀ ਹਰੇਕ ਅਦਲਾ-ਬਦਲੀ ਇਸ ਤਰ੍ਹਾਂ ਪ੍ਰਭਾਵੀ ਹੋਵੇਗੀ ਜਿਵੇਂ ਇਹ ਇੱਕ ਮੂਲ ਐਲਾਨ ਸੀ।

ਬੈਂਕ ਦੇ ਹੱਕ ਵਿੱਚ ਭਾਰ ਦਾ ਰਜਿਸਟਰੀਕਰਣ।

4-ੳ. (1) ਰਜਿਸਟ੍ਰੀਕਰਣ ਐਕਟ, 1908 (1908 ਦਾ ਕੇਂਦਰੀ ਐਕਟ 16) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇੱਕ ਭਾਰ, ਜਿਸਦੇ ਬਾਰੇ ਵਿੱਚ ਇਸ ਐਕਟ ਦੀ ਧਾਰਾ 4 ਦੀ ਉਪ-ਧਾਰਾ (1) ਦੇ ਅਧੀਨ ਐਲਾਨ ਕੀਤਾ ਗਿਆ ਹੋਵੇ ਜਾਂ ਜਿਸਦੇ ਬਾਰੇ ਵਿੱਚ ਇਸ ਐਕਟ ਦੀ ਧਾਰਾ 4 ਦੀ ਉਪ-ਧਾਰਾ (2) ਅਧੀਨ ਕੋਈ ਅਦਲਾ-ਬਦਲੀ ਕੀਤੀ ਗਈ ਹੋਵੇ, ਨੂੰ ਅਜਿਹੇ ਭਾਰ ਜਾਂ ਅਦਲ-ਬਦਲ ਦੀ ਤਰੀਕ ਤੋਂ, ਜਿਹੀ ਕਿ ਸੂਰਤ ਹੋਵੇ, ਉਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਠੀਕ ਤੌਰ ਤੇ ਰਜਿਸਟਰਸ਼ੁਦਾ ਸਮਝਿਆ ਜਾਵੇਗਾ, ਪ੍ਰੰਤੂ ਕਿ ਬੈਂਕ ਸੱਠ ਦਿਨਾਂ ਦੀ ਮੁੱਦਤ ਦੇ ਅੰਦਰ, ਰਜਿਸਟਰਸ਼ੁਦਾ ਡਾਕ ਰਸੀਦ ਰਾਹੀਂ ਜਾਂ ਨਿੱਜੀ ਤੌਰ ਤੇ ਉਸ ਸਬ-ਰਜਿਸਟਰਾਰ ਜਾਂ ਸੰਯੁਕਤ ਸਬ-ਰਜਿਸਟਰਾਰ ਨੂੰ, ਜਿਸਦੀ ਅਧਿਕਾਰਤਾ ਦੀਆਂ ਸਥਾਨਕ ਸੀਮਾਵਾਂ ਦੇ ਅੰਦਰ ਭਾਰਿਤ ਕੀਤੀ ਸੰਪੱਤੀ ਦਾ ਸਾਰਾ ਜਾਂ ਕੋਈ ਭਾਗ ਸਥਿਤ ਹੈ, ਅਜਿਹਾ ਭਾਰ ਜਾਂ ਅਦਲ-ਬਦਲ ਸਿਰਜਣ ਵਾਲੇ ਦਸਤਾਵੇਜ਼ ਦੀ ਇੱਕ ਨਕਲ, ਬੈਂਕ ਦੇ ਅਜਿਹੇ

ਕਰਮਚਾਰੀ ਦੁਆਰਾ ਸਹੀ ਨਕਲ ਵਜੋਂ ਪ੍ਰਮਾਣਤ ਜੋ ਇਸ ਦੇ ਨਮਿੱਤ ਦਸਖ਼ਤ ਕਰਨ ਲਈ ਅਖ਼ਤਿਆਰਤ ਹੋਵੇ, ਭੇਜਦਾ ਹੈ।

(2) ਉਪ-ਧਾਰਾ (1) ਵਿੱਚ ਹਵਾਲਾ ਕੀਤੇ ਗਏ ਐਲਾਨ ਨੂੰ ਪ੍ਰਾਪਤ ਕਰਨ ਵਾਲਾ ਸਬ-ਰਜਿਸਟਰਾਰ ਜਾਂ ਸੰਯੁਕਤ ਸਬ-ਰਜਿਸਟਰਾਰ, ਜਿਹੀ ਕਿ ਸੂਰਤ ਹੋਵੇ, ਉਸਦੀ ਪ੍ਰਾਪਤੀ ਹੋਣ ਤੇ ਯਥਾਸੰਭਵ ਤੁਰੰਤ, ਇਸਦੇ ਨਮਿੱਤ ਰੱਖੇ ਜਾਣ ਵਾਲੇ ਰਜਿਸਟਰ ਵਿੱਚ, ਅਜਿਹੇ ਐਲਾਨ ਜਾਂ ਅਦਲਾ-ਬਦਲੀ ਦੀਆਂ ਪ੍ਰਾਪਤੀਆਂ ਦੇ ਤੱਥ ਨੂੰ ਦਰਜ ਕਰੇਗਾ।

ਮਲਕੀਅਤ ਰਿਕਾਰਡ ਵਿੱਚ ਬੈਂਕ ਦੇ ਹੱਕ ਵਿੱਚ ਕੋਈ ਵੀ ਭਾਰ ਨਹੀਂ ਸਿਰਜਿਆ ਗਿਆ।

੪-ਅ. ਜਿੱਥੇ ਵੀ ਕਿਸੇ ਕਾਸ਼ਤਕਾਰ ਦੁਆਰਾ ਇਸ ਐਕਟ ਦੀ ਧਾਰਾ ੪ ਅਧੀਨ ਬੈਂਕ ਦੇ ਹੱਕ ਵਿੱਚ ਭੋਂ ਉੱਤੇ ਕੋਈ ਭਾਰ ਸਿਰਜਿਆ ਜਾਂਦਾ ਹੈ, ਤਾਂ ਬੈਂਕ, ਤਹਿਸੀਲਦਾਰ ਜਾਂ ਨਾਇਬ-ਤਹਿਸੀਲਦਾਰ ਨੂੰ ਜਿਸਦੀ ਅਧਿਕਾਰਤਾ ਦੀਆਂ ਸਥਾਨਕ ਸੀਮਾਵਾਂ ਅੰਦਰ ਭਾਰਿਤ ਕੀਤੀ ਸੰਪੱਤੀ ਦਾ ਸਾਰਾ ਜਾਂ ਕੋਈ ਭਾਗ ਸਥਿਤ ਹੈ, ਜਾਂ ਰਾਜ ਸਰਕਾਰ ਦੁਆਰਾ ਇਸ ਨਮਿੱਤ ਨਾਮਤ ਕੀਤੇ ਗਏ ਅਜਿਹੇ ਹੋਰ ਮਾਲ ਅਧਿਕਾਰੀ ਨੂੰ, ਆਪਣੇ ਹੱਕ ਵਿੱਚ ਭਾਰ ਦੇ ਵੇਰਵਿਆਂ ਬਾਰੇ ਲਿਖਤੀ ਇਤਲਾਹ ਦੇ ਸਕਦਾ ਹੈ। ਤਹਿਸੀਲਦਾਰ, ਨਾਇਬ-ਤਹਿਸੀਲਦਾਰ ਜਾਂ ਹੋਰ ਮਾਲ ਅਧਿਕਾਰੀ ਉਸ ਭੋਂ ਨਾਲ ਜਿਸ ਉੱਤੇ ਭਾਰ ਸਿਰਜਿਆ ਗਿਆ ਹੈ, ਸਬੰਧਤ ਮਲਕੀਅਤ ਰਿਕਾਰਡ ਵਿੱਚ ਭਾਰ ਦੇ ਵਿਰਵਿਆਂ ਨੂੰ ਨੋਟ ਕਰੇਗਾ।

**ਅਧਿਆਇ III**

ਬੈਂਕਾਂ ਦੇ ਹੱਕ ਵਿੱਚ ਭਾਰ ਅਤੇ ਰਹਿਨ ਅਤੇ ਉਨ੍ਹਾਂ ਦਾ ਅਗੇਤ ਕ੍ਰਮ

ਭਾਰ ਅਤੇ ਰਹਿਨ ਦੀ ਸਿਰਜਣਾ ਵਿੱਚ ਨਿਰਯੋਗਤਾ ਨੂੰ ਹਟਾਉਣਾ।

5. ਪੰਜਾਬ ਸਹਿਕਾਰੀ ਸੋਸਾਇਟੀਆਂ ਐਕਟ, 1961 ਜਾਂ ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਇਸਦੇ ਉਲਟ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਅਤੇ ਕੋਈ ਭੋਂ ਜਾਂ ਇਸ ਵਿੱਚ ਹਿੱਤ ਪਹਿਲਾਂ ਹੀ ਕਿਸੇ ਸਹਿਕਾਰੀ ਸੋਸਾਇਟੀ ਨੂੰ ਭਾਰਿਤ ਜਾਂ ਰਹਿਨ ਹੁੰਦਿਆਂ ਹੋਇਆਂ ਵੀ, ਇੱਕ ਕਾਸ਼ਤਕਾਰ ਲਈ ਉਸ ਬੈਂਕ ਦੁਆਰਾ ਕਾਸ਼ਤਕਾਰ ਨੂੰ ਦਿੱਤੀ ਗਈ ਕੋਈ ਵਿੱਤੀ ਸਹਾਇਤਾ ਲਈ ਸਕਿਉਰਿਟੀ ਵਜੋਂ ਇੱਕ ਅਜਿਹੀ ਭੋਂ ਜਾਂ ਉਸ ਵਿੱਚ ਹਿੱਤ ਤੇ ਬੈਂਕ ਦੇ ਹੱਕ ਵਿੱਚ ਭਾਰ ਜਾਂ ਰਹਿਨ ਸਿਰਜਣਾ ਕਾਨੂੰਨ-ਪੂਰਨ ਹੋਵੇਗਾ।

ਸਰਕਾਰ, ਬੈਂਕ ਅਤੇ ਸਹਿਕਾਰੀ ਸੋਸਾਇਟੀ ਦੇ ਹੱਕ ਵਿੱਚ ਭਾਰ ਅਤੇ ਰਹਿਨ ਕਰਨ ਦੀ ਪਹਿਲ।

6. (1) ਤੱਤ ਸਮੇਂ ਨਾਫ਼ਜ਼ ਕਿਸੇ ਕਾਨੂੰਨ ਵਿੱਚ ਇਸਦੇ ਉਲਟ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਪਰ ਭੋਂ ਮਾਲੀਏ ਦੇ ਬਾਰੇ ਵਿੱਚ ਰਾਜ ਸਰਕਾਰ ਦੇ ਕਿਸੇ ਅਗੇਤੇ ਦਾਅਵੇ ਦੇ ਤਾਬੇ :–

(ੳ) ਇਸ ਐਕਟ ਦੇ ਆਰੰਭ ਹੋਣ ਪਿੱਛੋਂ, ਰਾਜ ਸਰਕਾਰ ਜਾਂ ਇੱਕ ਸਹਿਕਾਰੀ ਸੋਸਾਇਟੀ ਦੇ ਹੱਕ ਵਿੱਚ ਕਿਸੇ ਭੋਂ ਜਾਂ ਉਸ ਵਿੱਚ ਹਿੱਤ ਤੇ ਸਿਰਜੇ ਗਏ ਭਾਰ ਜਾਂ ਰਹਿਨ ਨੂੰ, ਇਸ ਐਕਟ ਦੇ ਆਰੰਭ ਪਿੱਛੋਂ ਅਤੇ

ਰਾਜ ਸਰਕਾਰ ਜਾਂ ਸਹਿਕਾਰੀ ਸੋਸਾਇਟੀ ਦੇ ਹੱਕ ਵਿੱਚ ਭਾਰ ਜਾਂ ਰਹਿਨ ਤੋਂ ਪਹਿਲਾਂ ਬੈਂਕ ਦੁਆਰਾ ਕਾਸ਼ਤਕਾਰ ਨੂੰ ਦਿੱਤੀ ਗਈ ਵਿੱਤੀ ਸਹਾਇਤਾ ਲਈ ਸਕਿਉਰਿਟੀ ਵਜੋਂ, ਅਜਿਹੀ ਭੋਂ ਜਾਂ ਹਿੱਤ ਤੇ ਕਿਸੇ ਕਾਸ਼ਤਕਾਰਾਂ ਦੁਆਰਾ ਬੈਂਕ ਦੇ ਹੱਕ ਵਿੱਚ ਸਿਰਜੇ ਗਏ ਭਾਰ ਜਾਂ ਰਹਿਨ ਉੱਤੇ ਪਹਿਲ ਨਹੀਂ ਹੋਵੇਗੀ; ਅਤੇ

(ਅ) ਕਿਸੇ ਭੋਂ ਜਾਂ ਉਸ ਵਿੱਚ ਹਿੱਤ ਉੱਤੇ ਕਿਸੇ ਬੈਂਕ ਦੇ ਹੱਕ ਵਿੱਚ ਉਸ ਬੈਂਕ ਦੁਆਰਾ ਕਾਸ਼ਤਕਾਰ ਨੂੰ ਦਿੱਤੀ ਗਈ ਵਿੱਤੀ ਸਹਾਇਤਾ ਦੇ ਸਬੰਧ ਵਿੱਚ ਸਿਰਜੇ ਗਏ ਕਿਸੇ ਭਾਰ ਜਾਂ ਰਹਿਨ ਨੂੰ, ਰਾਜ ਸਰਕਾਰ, ਸਹਿਕਾਰੀ ਸਭਾ ਜਾਂ ਕਿਸੇ ਹੋਰ ਬੈਂਕ ਤੋਂ ਇਲਾਵਾ ਕਿਸੇ ਵਿਅਕਤੀ ਦੇ ਹੱਕ ਵਿੱਚ ਅਜਿਹੀ ਭੋਂ ਜਾਂ ਉਸਦੇ ਹਿੱਤ ਉੱਤੇ ਸਿਰਜੇ ਕਿਸੇ ਅਜਿਹੇ ਭਾਰ ਜਾਂ ਰਹਿਨ ਨਾਲੋਂ ਪਹਿਲ ਦਿੱਤੀ ਜਾਵੇਗੀ ਜੋ ਬੈਂਕ ਦੇ ਹੱਕ ਵਿੱਚ ਸਿਰਜੇ ਭਾਰ ਜਾਂ ਰਹਿਨ ਦੀ ਤਰੀਕ ਤੋਂ ਪਹਿਲਾਂ ਸਿਰਜਿਆ ਗਿਆ ਹੋਵੇ।

(2) ਜਿੱਥੇ ਇੱਕ ਕਾਸ਼ਤਕਾਰ ਦੁਆਰਾ ਰਾਜ ਸਰਕਾਰ, ਸਹਿਕਾਰੀ ਸੋਸਾਇਟੀ ਜਾਂ ਬੈਂਕ ਜਾਂ ਇੱਕ ਤੋਂ ਵੱਧ ਬੈਂਕਾਂ ਦੇ ਹੱਕ ਵਿੱਚ ਇੱਕੋ ਭੋਂ ਜਾਂ ਉਸ ਵਿੱਚ ਹਿੱਤ ਉੱਤੇ ਵੱਖ-ਵੱਖ ਭਾਰ ਜਾਂ ਰਹਿਨ ਸਿਰਜੇ ਗਏ ਹੋਣ, ਉੱਥੇ ਵਿਕਾਸ ਪ੍ਰਯੋਜਨਾਂ ਲਈ ਮਿਆਦੀ ਕਰਜ਼ਿਆਂ ਦੇ ਰੂਪ ਵਿੱਚ ਰਾਜ ਸਰਕਾਰ, ਸਹਿਕਾਰੀ ਸੋਸਾਇਟੀ ਜਾਂ ਬੈਂਕ ਜਾਂ ਬੈਂਕਾਂ ਦੁਆਰਾ ਦਿੱਤੀ ਗਈ ਵਿੱਤੀ ਸਹਾਇਤਾ ਲਈ ਸਕਿਉਰਿਟੀ ਵਜੋਂ ਸਿਰਜੇ ਗਏ ਕਿਸੇ ਵੀ ਅਜਿਹੇ ਭਾਰ ਜਾਂ ਰਹਿਨ ਨੂੰ ਰਾਜ ਸਰਕਾਰ, ਸਹਿਕਾਰੀ ਸੋਸਾਇਟੀ ਜਾਂ ਕਿਸੇ ਵੀ ਬੈਂਕ ਦੇ ਹਿੱਤ ਵਿੱਚ ਸਿਰਜੇ ਗਏ ਹੋਰ ਭਾਰਾਂ ਜਾਂ ਰਹਿਨ ਨਾਲੋਂ ਪਹਿਲ ਦਿੱਤੀ ਜਾਵੇਗੀ, ਪ੍ਰੰਤੂ ਵਿਕਾਸ ਪ੍ਰਯੋਜਨਾਂ ਲਈ ਮਿਆਦੀ ਕਰਜ਼ੇ ਦੇ ਰੂਪ ਵਿੱਚ ਅਜਿਹੀ ਕਿਸੇ ਵਿੱਤੀ ਸਹਾਇਤਾ ਦਾ ਪੂਰਵ ਨੋਟਿਸ ਰਾਜ ਸਰਕਾਰ, ਸਹਿਕਾਰੀ ਸੋਸਾਇਟੀ ਜਾਂ ਬੈਂਕ ਨੂੰ ਦਿੱਤਾ ਗਿਆ ਸੀ ਅਤੇ ਰਾਜ ਸਰਕਾਰ, ਸਹਿਕਾਰੀ ਸੋਸਾਇਟੀ ਜਾਂ ਬੈਂਕ ਨੇ ਅਜਿਹੀ ਵਿੱਤੀ ਸਹਾਇਤਾ ਲਈ ਆਪਣੀ ਸਹਿਮਤੀ ਦਿੱਤੀ ਹੋਵੇ, ਅਤੇ ਜਿੱਥੇ ਅਜਿਹੇ ਇੱਕ ਤੋਂ ਵੱਧ ਭਾਰ ਜਾਂ ਰਹਿਨ ਮਿਆਦੀ ਕਰਜ਼ ਵਜੋਂ ਦਿੱਤੀ ਗਈ ਵਿੱਤੀ ਸਹਾਇਤਾ ਲਈ ਸਕਿਉਰਿਟੀ ਵਜੋਂ ਹੈ, ਉੱਥੇ ਵਿਕਾਸ ਪ੍ਰਯੋਜਨਾਂ ਲਈ ਮਿਆਦੀ ਕਰਜ਼ ਦੀ ਸਕਿਉਰਿਟੀ ਦੇ ਰੂਪ ਵਿੱਚ ਅਜਿਹੇ ਭਾਰਾਂ ਜਾਂ ਰਹਿਨ ਨੂੰ ਆਪਣੇ ਸਿਰਜਣ ਹੋਣ ਦੀਆਂ ਤਰੀਕਾਂ ਦੀ ਅਨੁਸਾਰਤਾ ਵਿੱਚ ਪਹਿਲ ਦਰਜਾ ਪ੍ਰਾਪਤ ਹੋਵੇਗਾ।

ਵਿਆਖਿਆ,– ਇਸ ਧਾਰਾ ਦੇ ਪ੍ਰਯੋਜਨਾਂ ਲਈ "ਵਿਕਾਸ ਪ੍ਰਯੋਜਨਾਂ ਲਈ ਮਿਆਦੀ ਕਰਜ਼" ਦਾ ਮਤਲਬ ਅਜਿਹੀ ਵਿੱਤੀ ਸਹਾਇਤਾ ਹੋਵੇਗਾ ਜੋ ਆਮ ਤੌਰ ਤੇ ਖੇਤੀ ਵਿੱਚ ਸੁਧਾਰ ਜਾਂ ਖੇਤੀ ਵਿੱਚ ਧਨ-ਧਾਮਾਂ ਦੇ ਨਿਰਮਾਣ ਵੱਲ ਲੈ ਜਾਂਦੀ ਹੈ ਪਰ ਇਸ ਵਿੱਚ ਕਾਰਜਸ਼ੀਲ ਪੂੰਜੀ, ਰੁੱਤੀ ਜ਼ਰਾਇਤੀ ਕਿਰਿਆਵਾਂ ਲਈ ਖ਼ਰਚੇ ਅਤੇ ਫ਼ਸਲਾਂ ਦੇ ਮੰਡੀਕਰਨ ਦੀ ਪੂਰਤੀ ਲਈ ਵਿੱਤੀ ਸਹਾਇਤਾ ਸ਼ਾਮਲ ਨਹੀਂ ਹੋਵੇਗੀ।

(3) ਇਸ ਧਾਰਾ ਵਿੱਚ ਦਰਜ ਕੋਈ ਗੱਲ ਕੇਵਲ ਇੱਕ ਜਾਂ ਵੱਧ ਸਹਿਕਾਰੀ ਸੋਸਾਇਟੀਆਂ, ਜਿਸ ਵਿੱਚ ਭੋਂ ਰਹਿਨ ਕਰਨ ਵਾਲੇ ਬੈਂਕ ਵੀ ਸ਼ਾਮਲ ਹਨ, ਤੋਂ ਲਏ ਗਏ ਉਧਾਰਾਂ 'ਤੇ ਲਾਗੂ ਨਹੀਂ ਹੋਵੇਗੀ।

ਕਾਸ਼ਤਕਾਰ ਉਧਾਰ ਲੈਣ ਵਾਲੇ ਦੁਆਰਾ ਮੁਜ਼ਾਰਾਦਾਰੀ ਦੀ ਸਿਰਜਣਾ 'ਤੇ ਪਾਬੰਦੀਆਂ।

7. (1) ਤੱਤ ਸਮੇਂ ਨਾਫ਼ਜ਼ ਕਿਸੇ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇੱਕ ਕਾਸ਼ਤਕਾਰ ਜਿਸਨੇ ਭੋਂ ਤੇ ਭਾਰ ਜਾਂ ਰਹਿਨ ਸਿਰਜ ਕੇ ਜਾਂ ਉਸ ਵਿੱਚ ਹਿੱਤ ਸਿਰਜ ਕੇ ਬੈਂਕ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਹੈ, ਉਸ ਸਮੇਂ ਤੱਕ ਜਦ ਤੱਕ ਕਿ ਵਿੱਤੀ ਸਹਾਇਤਾ ਬਕਾਇਆ ਰਹਿੰਦੀ ਹੈ, ਬੈਂਕ ਦੀ ਲਿਖਤੀ ਰੂਪ ਵਿੱਚ ਪੂਰਬਲੀ ਇਜਾਜ਼ਤ ਤੋਂ ਬਿਨਾਂ ਅਜਿਹੀ ਭੋਂ ਜਾਂ ਉਸ ਵਿੱਚ ਹਿੱਤ 'ਤੇ ਕੋਈ ਮੁਜ਼ਾਰਾਦਾਰੀ ਅਧਿਕਾਰ ਪੈਦਾ ਨਹੀਂ ਕਰੇਗਾ ਜਾਂ ਪੱਟੇ ਤੇ ਨਹੀਂ ਦੇਵੇਗਾ, ਜੇ ਉਸਨੇ ਬੈਂਕ ਤੋਂ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਸਮੇਂ ਪਹਿਲਾਂ ਹੀ ਉਸ 'ਤੇ ਮੁਜ਼ਾਰਾਦਾਰੀ ਅਧਿਕਾਰ ਪੱਟੇ ਤੇ ਨਹੀਂ ਦਿੱਤੇ ਹਨ ਜਾਂ ਸਿਰਜੇ ਨਹੀਂ ਹਨ।

(2) ਇਸ ਧਾਰਾ ਦੀ ਉਲੰਘਣਾ ਕਰਕੇ ਦਿੱਤਾ ਗਿਆ ਕੋਈ ਪੱਟਾ ਜਾਂ ਸਿਰਜੇ ਗਏ ਮੁਜ਼ਾਰਾਦਾਰੀ ਅਧਿਕਾਰ ਸੁੰਨ ਹੋਣਗੇ।

## ਅਧਿਆਇ IV

### ਬੈਂਕਾਂ ਦੁਆਰਾ ਦੇਣਯੋਗ ਰਕਮ ਦੀ ਵਸੂਲੀ ਲਈ ਇੰਤਜ਼ਾਮ

ਮੁਕੱਰਰ ਅਥਾਰਟੀ ਰਾਹੀਂ ਬੈਂਕ ਨੂੰ ਦੇਣਯੋਗ ਰਕਮ ਦੀ ਵਸੂਲੀ।

8. (1) ਇਸ ਧਾਰਾ ਦੇ ਪ੍ਰਯੋਜਨ ਲਈ ਰਾਜ ਸਰਕਾਰ ਦੁਆਰਾ ਮੁਕੱਰਰ ਅਥਾਰਟੀ ਵਜੋਂ ਅਧਿਸੂਚਿਤ ਰਾਜ ਸਰਕਾਰ ਦਾ ਇੱਕ ਅਧਿਕਾਰੀ, ਕਿਸੇ ਬੈਂਕ ਦੀ ਦਰਖ਼ਾਸਤ 'ਤੇ, ਕਿਸੇ ਕਾਸ਼ਤਕਾਰ ਜਾਂ ਉਸਦੇ ਵਾਰਸ ਜਾਂ ਕਾਨੂੰਨੀ ਪ੍ਰਤੀਨਿਧ ਦੇ ਵਿਰੁੱਧ, ਕਾਸ਼ਤਕਾਰ ਦੁਆਰਾ ਪ੍ਰਾਪਤ ਕੀਤੀ ਗਈ ਵਿੱਤੀ ਸਹਾਇਤਾ ਦੇ ਕਾਰਨ ਬੈਂਕ ਨੂੰ ਦੇਣਯੋਗ ਕੋਈ ਵੀ ਰਕਮ, ਕਿਸੇ ਭੋਂ ਜਾਂ ਉਸ ਵਿੱਚ ਕਿਸੇ ਵੀ ਹਿੱਤ ਦੀ, ਜਿਸ ਤੇ ਅਜਿਹੇ ਧਨ ਦੀ ਅਦਾਇਗੀ ਭਾਰਿਤ ਜਾਂ ਰਹਿਨ ਹੈ, ਵਿਕਰੀ ਕਰਕੇ ਅਦਾਇਗੀ ਕਰਨ ਦਾ ਹੁਕਮ ਦੇ ਸਕੇਗਾ:

ਪਰੰਤੂ ਇਸ ਧਾਰਾ ਅਧੀਨ ਮੁਕੱਰਰ ਅਥਾਰਟੀ ਦੁਆਰਾ ਕਿਸੇ ਵੀ ਭੋਂ ਜਾਂ ਉਸ ਵਿੱਚ ਕਿਸੇ ਹਿੱਤ ਜਾਂ ਕੋਈ ਹੋਰ ਅਚੁੱਕਵੀਂ ਸੰਪੱਤੀ ਦੀ ਵਿਕਰੀ ਲਈ ਜਿਸ ਤੇ ਧਨ ਦੀ ਅਦਾਇਗੀ ਭਾਰਿਤ ਜਾਂ ਰਹਿਨ ਹੈ, ਕੋਈ ਹੁਕਮ ਨਹੀਂ ਦਿੱਤਾ ਜਾਵੇਗਾ, ਜਦੋਂ ਤੱਕ ਕਿ

ਕਾਸ਼ਤਕਾਰ ਜਾਂ ਕਾਸ਼ਤਕਾਰ ਦੇ ਵਾਰਸ ਜਾਂ ਕਾਨੂੰਨੀ ਪ੍ਰਤੀਨਿਧ ਤੇ, ਜਿਹੀ ਕਿ ਸੂਰਤ ਹੋਵੇ, ਦੇਣਯੋਗ ਰਕਮਾਂ ਦੀ ਅਦਾਇਗੀ ਕਰਨ ਲਈ ਕਹਿਣ ਵਾਲਾ ਨੋਟਿਸ ਤਾਮੀਲ ਨਾ ਕੀਤਾ ਗਿਆ ਹੋਵੇ।

(2) ਉਪ-ਧਾਰਾ (1) ਅਧੀਨ ਮੁਕੱਰਰ ਅਥਾਰਟੀ ਦੁਆਰਾ ਪਾਸ ਕੀਤਾ ਗਿਆ ਹਰੇਕ ਹੁਕਮ ਦੀਵਾਨੀ ਅਦਾਲਤ ਦੀ ਡਿਗਰੀ ਸਮਝਿਆ ਜਾਵੇਗਾ ਅਤੇ ਅਜਿਹੀ ਅਦਾਲਤ ਦੀ ਡਿਗਰੀ ਵਜੋਂ ਉਸੇ ਤਰੀਕੇ ਨਾਲ ਤਕਮੀਲ ਕੀਤਾ ਜਾਵੇਗਾ।

(3) ਬੈਂਕ ਰਾਜ ਸਰਕਾਰ ਨੂੰ ਅਜਿਹੀ ਫ਼ੀਸ ਅਦਾ ਕਰੇਗਾ ਜੋ ਬੈਂਕ ਦੇ ਬਕਾਏ ਦੀ ਵਸੂਲੀ ਦੇ ਤੱਲਕ ਵਿੱਚ ਰਾਜ ਸਰਕਾਰ ਦੁਆਰਾ ਦਿੱਤੀਆਂ ਜਾਂਦੀਆਂ ਸੇਵਾਵਾਂ ਲਈ ਮੁਕੱਰਰ ਕੀਤੀ ਜਾਵੇ।

(4) ਇਸ ਧਾਰਾ ਵਿੱਚ ਦਰਜ ਕੋਈ ਗੱਲ ਕਿਸੇ ਬੈਂਕ ਨੂੰ ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਦੇ ਅਧੀਨ ਉਸ ਨੂੰ ਉਪਲੱਬਧ ਆਪਣੇ ਅਧਿਕਾਰਾਂ ਨੂੰ ਕਿਸੇ ਹੋਰ ਤਰੀਕੇ ਨਾਲ ਨਾਫ਼ਜ਼ ਕਰਨ ਤੋਂ ਨਹੀਂ ਰੋਕੇਗੀ।

ਬੈਂਕ ਦਾ ਅਚੁੱਕਵੀਂ ਸੰਪੱਤੀ ਨੂੰ ਅਰਜਤ ਕਰਨ ਅਤੇ ਨਿਪਟਾਰਾ ਕਰਨ ਦਾ ਅਧਿਕਾਰ ।

9. (1) ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਬੈਂਕ ਨੂੰ ਜ਼ਰਾਇਤੀ ਭੋਂ ਜਾਂ ਉਸ ਵਿੱਚ ਹਿੱਤ ਜਾਂ ਕੋਈ ਹੋਰ ਅਚੁੱਕਵੀਂ ਸੰਪੱਤੀ ਜੋ ਕਿਸੇ ਕਾਸ਼ਤਕਾਰ ਦੁਆਰਾ ਉਸ ਦੁਆਰਾ ਪ੍ਰਾਪਤ ਕੀਤੀ ਗਈ ਕੋਈ ਵਿੱਤੀ ਸਹਾਇਤਾ ਦੇ ਬਾਰੇ ਵਿੱਚ ਬੈਂਕ ਨੂੰ ਭਾਰਿਤ  ਜਾਂ ਰਹਿਨ ਕੀਤੀ ਗਈ ਹੈ, ਖ਼ੁਦ ਅਰਜਤ ਕਰਨ ਦੀ ਸ਼ਕਤੀ ਹੋਵੇਗੀ, ਪ੍ਰੰਤੂ ਉਕਤ ਭੋਂ ਜਾਂ ਉਸ ਵਿੱਚ ਹਿੱਤ ਜਾਂ ਕੋਈ ਹੋਰ ਅਚੁੱਕਵੀਂ ਸੰਪੱਤੀ ਆਮ ਨਿਲਾਮੀ ਦੁਆਰਾ ਵੇਚਣੀ ਚਾਹੀ ਗਈ ਹੋਵੇ ਅਤੇ ਕਿਸੇ ਵੀ ਵਿਅਕਤੀ ਨੇ ਇਸਨੂੰ ਅਜਿਹੀ ਕੀਮਤ 'ਤੇ ਖਰੀਦਣ ਦੀ ਪੇਸ਼ਕਸ਼ ਨਾ ਕੀਤੀ ਹੋਵੇ ਜੋ ਬੈਂਕ ਨੂੰ ਦੇਣਯੋਗ ਧਨ ਅਦਾ ਕਰਨ ਲਈ ਕਾਫ਼ੀ ਹੈ।

(2) ਬੈਂਕ ਜੋ ਉਪ-ਧਾਰਾ (1) ਅਧੀਨ ਉਸ ਵਿੱਚ ਨਿਹਿਤ ਸ਼ਕਤੀ ਦੀ ਵਰਤੋਂ ਕਰਦੇ ਹੋਏ ਭੋਂ ਜਾਂ ਉਸ ਵਿੱਚ ਹਿੱਤ ਜਾਂ ਕੋਈ ਹੋਰ ਅਚੁੱਕਵੀਂ ਸੰਪੱਤੀ ਅਰਜਤ ਕਰਦਾ ਹੈ, ਉਸ ਦਾ ਰਾਜ ਸਰਕਾਰ ਦੁਆਰਾ ਇਸ ਨਮਿੱਤ ਉਲਿਖਤ ਕੀਤੀ ਜਾਣ ਵਾਲੀ ਮੁੱਦਤ ਦੇ ਅੰਦਰ ਵਿਕਰੀ ਦੁਆਰਾ ਨਿਬੇੜਾ ਕਰੇਗਾ।

(3) ਜੇ ਬੈਂਕ ਨੂੰ ਉਪ-ਧਾਰਾ (1) ਦੇ ਅਧੀਨ ਇਸ ਦੁਆਰਾ ਅਰਜਤ ਕੀਤੀ ਗਈ ਕੋਈ ਭੋਂ ਨੂੰ ਉਸਦੀ ਵਿਕਰੀ ਹੋਣ ਤੱਕ, ਜਿਵੇਂ ਕਿ ਉਪ-ਧਾਰਾ (2) ਵਿੱਚ ਦਰਸਾਇਆ ਗਿਆ ਹੈ, ਪੱਟੇ ਤੇ ਦੇਣਾ ਹੈ, ਤਾਂ ਪੱਟੇ ਦੀ ਮੁੱਦਤ ਇੱਕ ਵਾਰ ਵਿੱਚ ਇੱਕ ਸਾਲ ਤੋਂ ਵੱਧ ਨਹੀਂ ਹੋਵੇਗੀ ਅਤੇ ਪੱਟੇਦਾਰ ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਇਸਦੇ ਉਲਟ ਦਰਜ ਕਿਸੇ ਉਪਬੰਧ ਦੇ ਹੁੰਦਿਆਂ ਹੋਇਆਂ ਵੀ ਉਸ ਭੋਂ ਜਾਂ ਸੰਪੱਤੀ ਵਿੱਚ ਕੋਈ ਹਿੱਤ ਅਰਜਤ ਨਹੀਂ ਕਰੇਗਾ।

**ਅਧਿਆਇ V**

ਬੈਂਕਾਂ ਦੁਆਰਾ ਸਹਿਕਾਰੀ ਸੋਸਾਇਟੀਆਂ ਦਾ ਵਿੱਤ-ਪੋਸ਼ਣ

ਬੈਂਕ ਦਾ ਸਹਿਕਾਰੀ ਸੋਸਾਇਟੀ ਦਾ ਮੈਂਬਰ ਬਣਨ ਲਈ ਪਾਤਰ ਹੋਣਾ।

10. ਪੰਜਾਬ ਸਹਿਕਾਰੀ ਸੋਸਾਇਟੀਆਂ ਐਕਟ, 1961, ਜਾਂ ਤੱਤ ਸਮੇਂ ਨਾਫ਼ਜ਼ ਕਿਸੇ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਬੈਂਕ ਦਾ ਕਿਸੇ ਸਹਿਕਾਰੀ ਸੋਸਾਇਟੀ ਦਾ ਮੈਂਬਰ ਹੋਣਾ ਕਾਨੂੰਨ-ਪੂਰਨ ਹੋਵੇਗਾ।

ਸਹਿਕਾਰੀ ਸੋਸਾਇਟੀਆਂ ਦੀ ਬੈਂਕ ਤੋਂ ਉਧਾਰ ਲੈਣ ਦੀ ਸ਼ਕਤੀ।

11. ਪੰਜਾਬ ਸਹਿਕਾਰੀ ਸੋਸਾਇਟੀਆਂ ਐਕਟ, 1961 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਿਸੇ ਸਹਿਕਾਰੀ ਸੋਸਾਇਟੀ ਦਾ ਬੈਂਕ ਤੋਂ ਉਧਾਰ ਲੈਣਾ ਕਾਨੂੰਨ-ਪੂਰਨ ਹੋਵੇਗਾ।

ਬੈਂਕ ਦੁਆਰਾ ਸਹਿਕਾਰੀ ਸੋਸਾਇਟੀ ਦੀਆਂ ਵਹੀਆਂ ਦਾ ਨਿਰੀਖਣ।

12. (1) ਬੈਂਕ ਨੂੰ ਕਿਸੇ ਵੀ ਸਹਿਕਾਰੀ ਸੋਸਾਇਟੀ ਦੀਆਂ, ਜਿਸਨੇ ਜਾਂ ਤਾਂ ਵਿੱਤੀ ਸਹਾਇਤਾ ਲਈ ਬੈਂਕ ਨੂੰ ਅਰਜੀ ਦਿੱਤੀ ਹੈ ਜਾਂ ਪਹਿਲਾਂ ਦਿੱਤੀ ਗਈ ਵਿੱਤੀ ਸਹਾਇਤਾ ਦੇ ਕਾਰਨ ਬੈਂਕ ਦਾ ਰਿਣਦਾਰ ਹੈ, ਵਹੀਆਂ ਦਾ ਨਿਰੀਖਣ ਕਰਨ ਦਾ ਅਧਿਕਾਰ ਹੋਵੇਗਾ।

(2) ਉਕਤ ਨਿਰੀਖਣ, ਰਜਿਸਟਰਾਰ ਦੀ ਲਿਖਤੀ ਰੂਪ ਵਿੱਚ ਪੂਰਵ-ਮਨਜ਼ੂਰੀ ਨਾਲ, ਬੈਂਕ ਦੇ ਕਿਸੇ ਅਧਿਕਾਰੀ ਜਾਂ ਵੇਤਨਕ ਅਮਲੇ ਦੇ ਕਿਸੇ ਹੋਰ ਮੈਂਬਰ ਦੁਆਰਾ ਸਿਰੇ ਚਾੜ੍ਹਿਆ ਜਾ ਸਕੇਗਾ।

(3) ਅਜਿਹੇ ਨਿਰੀਖਣ ਦਾ ਜ਼ਿੰਮਾ ਲੈਣ ਵਾਲੇ ਬੈਂਕ ਦੇ ਅਧਿਕਾਰੀ ਜਾਂ ਵੇਤਨਕ ਅਮਲੇ ਦੇ ਕਿਸੇ ਹੋਰ ਮੈਂਬਰ ਨੂੰ, ਸਭ ਵਾਜ਼ਬ ਸਮਿਆਂ 'ਤੇ, ਉਸ ਦੁਆਰਾ ਨਿਰੀਖਣ ਕੀਤੀ ਗਈ ਸਹਿਕਾਰੀ ਸੋਸਾਇਟੀ ਨਾਲ ਸਬੰਧਤ ਜਾਂ ਉਸ ਦੀ ਕਸਟੱਡੀ ਵਿੱਚ ਰੱਖੇ ਲੇਖਾ ਵਹੀਆਂ, ਦਸਤਾਵੇਜ਼ਾਂ, ਸਕਿਉਰਿਟੀਆਂ, ਨਕਦ ਅਤੇ ਹੋਰ ਸੰਪੱਤੀਆਂ ਤੱਕ ਪਹੁੰਚ ਹੋਵੇਗੀ, ਅਤੇ ਅਜਿਹੀ ਸੋਸਾਇਟੀ ਦੁਆਰਾ ਅਜਿਹੀ ਸੂਚਨਾ, ਬਿਆਨ ਅਤੇ ਵਿਵਰਣਾਂ ਵੀ ਦਿੱਤੀਆਂ ਜਾਣਗੀਆਂ ਜੋ ਸੋਸਾਇਟੀ ਦੀ ਵਿੱਤੀ ਸਥਿਤੀ ਦਾ ਮੁਲਾਂਕਣ ਕਰਨ ਲਈ ਉਸ ਦੁਆਰਾ ਲੋੜੀਆਂ ਜਾਣ ਤਾਂ ਜੋ ਉਸਨੂੰ ਦਿੱਤੀ ਜਾਣ ਵਾਲੀ ਜਾਂ ਪਹਿਲਾਂ ਹੀ ਦਿੱਤੀ ਗਈ ਵਿੱਤੀ ਸਹਾਇਤਾ ਦੀ ਸੁਰੱਖਿਆ ਨੂੰ ਸੁਨਿਸ਼ਚਿਤ ਕੀਤਾ ਜਾ ਸਕੇ।

ਬੈਂਕ ਅਤੇ ਸਹਿਕਾਰੀ ਸੋਸਾਇਟੀ ਵਿਚਕਾਰ ਝਗੜੇ।

13. (1) ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸੋਸਾਇਟੀ ਜਾਂ ਉਸਦੀ ਕਮੇਟੀ ਦੁਆਰਾ ਸੋਸਾਇਟੀ ਦੇ ਵੇਤਨਕ ਕਰਮਚਾਰੀ ਵਿਰੁੱਧ ਕੀਤੀ ਗਈ ਅਨੁਸ਼ਾਸਨੀ ਕਾਰਵਾਈ ਦੇ ਬਾਬਤ ਝਗੜੇ ਤੋਂ ਬਿਨਾਂ ਕੋਈ ਹੋਰ, ਸਹਿਕਾਰੀ ਸੋਸਾਇਟੀ ਦਾ ਵਿੱਤ-ਪੋਸ਼ਣ ਕਰਨ ਵਾਲੇ ਬੈਂਕ ਅਤੇ ਇਸ ਤਰ੍ਹਾਂ ਵਿੱਤ-ਪੋਸ਼ਤ ਕੀਤੀ ਗਈ ਸਹਿਕਾਰੀ ਸੋਸਾਇਟੀ ਵਿਚਕਾਰ ਸਹਿਕਾਰੀ ਸੋਸਾਇਟੀ ਦੇ ਗਠਨ, ਪ੍ਰਬੰਧਨ ਜਾਂ ਕਾਰੋਬਾਰ ਦੇ

ਸੰਬੰਧ ਵਿੱਚ ਕੋਈ ਝਗੜਾ, ਫ਼ੈਸਲੇ ਲਈ ਝਗੜੇ ਦੀ ਕਿਸੇ ਇੱਕ ਧਿਰ ਦੁਆਰਾ ਰਜਿਸਟਰ ਨੂੰ ਹਵਾਲਾ ਕੀਤਾ ਜਾਵੇਗਾ।

(2) ਉਪ-ਧਾਰਾ (1) ਦੇ ਪ੍ਰਯੋਜਨਾਂ ਲਈ, ਜਿੱਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਫ਼ੈਸਲੇ ਲਈ ਹਵਾਲਾ ਕੀਤਾ ਗਿਆ ਮਾਮਲਾ ਝਗੜਾ ਹੈ ਜਾਂ ਨਹੀਂ, ਤਾਂ ਇਸ ਸਵਾਲ ਦਾ ਫ਼ੈਸਲਾ ਰਜਿਸਟਰਾਰ ਦੁਆਰਾ ਕੀਤਾ ਜਾਵੇਗਾ ਜਿਸਦਾ ਫ਼ੈਸਲਾ ਅੰਤਿਮ ਹੋਵੇਗਾ।

ਝਗੜਿਆਂ ਦਾ ਨਿਪਟਾਰਾ।

14. (1) ਜੇ ਰਜਿਸਟਰਾਰ ਨੂੰ ਇਹ ਤਸੱਲੀ ਹੋ ਜਾਂਦੀ ਹੈ ਕਿ ਕੋਈ ਮਾਮਲਾ ਜੋ ਉਸਨੂੰ ਹਵਾਲਾ ਕੀਤਾ ਗਿਆ ਜਾਂ ਉਸਦੇ ਨੋਟਿਸ ਵਿੱਚ ਲਿਆਂਦਾ ਗਿਆ, ਧਾਰਾ 13 ਦੇ ਅਰਥਾਂ ਦੇ ਅੰਦਰ ਝਗੜਾ ਹੈ, ਤਾਂ ਰਜਿਸਟਰਾਰ ਖ਼ੁਦ ਝਗੜੇ ਦਾ ਫ਼ੈਸਲਾ ਕਰੇਗਾ ਜਾਂ ਇਸਨੂੰ ਉਸ ਦੁਆਰਾ ਨਿਯੁਕਤ ਕੀਤੇ ਗਏ ਨਾਮਜ਼ਦ ਵਿਅਕਤੀ ਜਾਂ ਨਾਮਜ਼ਦ ਵਿਅਕਤੀਆਂ ਦੇ ਬੋਰਡ ਨੂੰ ਨਿਪਟਾਰੇ ਲਈ ਹਵਾਲਾ ਕਰੇਗਾ।

(2) ਜਿੱਥੇ ਉਪ-ਧਾਰਾ (1) ਅਧੀਨ ਕੋਈ ਝਗੜਾ ਰਜਿਸਟਰਾਰ ਦੇ ਨਾਮਜ਼ਦ ਵਿਅਕਤੀ ਜਾਂ ਨਾਮਜ਼ਦ ਵਿਅਕਤੀਆਂ ਦੇ ਬੋਰਡ ਨੂੰ ਫ਼ੈਸਲੇ ਲਈ ਹਵਾਲਾ ਕੀਤਾ ਜਾਂਦਾ ਹੈ, ਤਾਂ ਰਜਿਸਟਰਾਰ, ਅਜਿਹੇ ਝਗੜੇ ਨੂੰ ਕਿਸੇ ਵੀ ਸਮੇਂ, ਲਿਖਤੀ ਰੂਪ ਵਿੱਚ ਕਲਮਬੰਦ ਕੀਤੇ ਜਾਣ ਵਾਲੇ ਕਾਰਨਾਂ ਕਰਕੇ, ਆਪਣੇ ਨਾਮਜ਼ਦ ਵਿਅਕਤੀ, ਜਾਂ ਨਾਮਜ਼ਦ ਵਿਅਕਤੀਆਂ ਦੇ ਬੋਰਡ ਤੋਂ ਵਾਪਸ ਲੈ ਸਕਦਾ ਹੈ ਅਤੇ ਝਗੜੇ ਦਾ ਫ਼ੈਸਲਾ ਖ਼ੁਦ ਕਰ ਸਕਦਾ ਹੈ ਜਾਂ ਉਸਨੂੰ ਫ਼ੈਸਲੇ ਲਈ ਉਸ ਦੁਆਰਾ ਨਿਯੁਕਤ ਕੀਤੇ ਗਏ ਕਿਸੇ ਹੋਰ ਨਾਮਜ਼ਦ ਵਿਅਕਤੀ ਜਾਂ ਨਾਮਜ਼ਦ ਵਿਅਕਤੀਆਂ ਦੇ ਬੋਰਡ ਨੂੰ ਦੁਬਾਰਾ ਹਵਾਲਾ ਕਰ ਸਕਦਾ ਹੈ।

(3) ਧਾਰਾ 13 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਜਿਸਟਰਾਰ, ਜੇਕਰ ਉਹ ਉਚਿਤ ਸਮਝੇ, ਕਿਸੇ ਝਗੜੇ ਦੇ ਬਾਬਤ ਕਾਰਵਾਈ ਨੂੰ, ਜੇਕਰ ਸਹਿਕਾਰੀ ਸੋਸਾਇਟੀ ਅਤੇ ਬੈਂਕ ਵਿਚਕਾਰ ਵਿਵਾਦ ਵਿਸ਼ਾ ਸਵਾਲ ਕਾਨੂੰਨ ਅਤੇ ਤੱਥ ਦੇ ਗੁੰਝਲਦਾਰ ਸਵਾਲਾਂ ਵਾਲਾ ਹੈ, ਉਦੋਂ ਤੱਕ ਮੁਅੱਤਲ ਕਰ ਸਕੇਗਾ ਜਦੋਂ ਤੱਕ ਕਿ ਝਗੜੇ ਦੀ ਕਿਸੇ ਇੱਕ ਧਿਰ ਦੁਆਰਾ ਦਾਇਰ ਕੀਤੇ ਗਏ ਨਿਯਮਤ ਦਾਵੇ ਵਿੱਚ ਸਵਾਲ ਦਾ ਵਿਚਾਰਣ ਨਾ ਹੋ ਗਿਆ ਹੋਵੇ, ਪਰ ਜੇ ਰਜਿਸਟਰਾਰ ਦੇ ਕਾਰਵਾਈ ਨੂੰ ਮੁਅੱਤਲ ਕਰਨ ਦੇ ਹੁਕਮ ਤੋਂ ਦੋ ਮਹੀਨਿਆਂ ਦੇ ਅੰਦਰ ਅਜਿਹਾ ਦਾਵਾ ਦਾਇਰ ਨਹੀਂ ਕੀਤਾ ਜਾਂਦਾ ਹੈ, ਤਾਂ ਰਜਿਸਟਰਾਰ ਉਪ-ਧਾਰਾ (1) ਵਿੱਚ ਉਪਬੰਧਤ ਕੀਤੇ ਅਨੁਸਾਰ ਕਾਰਵਾਈ ਕਰੇਗਾ।

ਝਗੜੇ ਸੁਣਨ ਲਈ ਜ਼ਾਬਤਾ।

15. ਰਜਿਸਟਰਾਰ ਜਾਂ ਉਸਦਾ ਨਾਮਜ਼ਦ ਵਿਅਕਤੀ ਜਾਂ ਨਾਮਜ਼ਦ ਵਿਅਕਤੀਆਂ ਦਾ ਬੋਰਡ, ਇਸ ਨਮਿੱਤ ਰਜਿਸਟਰਾਰ ਦੁਆਰਾ ਮੁਕੱਰਰ ਕੀਤੇ ਗਏ ਤਰੀਕੇ ਅਨੁਸਾਰ ਧਾਰਾ 14 ਦੇ ਅਧੀਨ ਝਗੜੇ ਦੀ ਸੁਣਵਾਈ ਕਰੇਗਾ।

ਰਜਿਸਟਰਾਰ ਜਾਂ ਉਸਦੇ ਨਾਮਜ਼ਦ ਵਿਅਕਤੀ ਜਾਂ ਨਾਮਜ਼ਦ ਵਿਅਕਤੀਆਂ ਦੇ ਬੋਰਡ ਦਾ ਫ਼ੈਸਲਾ।

16. ਜਦੋਂ ਝਗੜਾ ਫ਼ੈਸਲੇ ਲਈ ਭੇਜਿਆ ਜਾਂਦਾ ਹੈ, ਤਾਂ ਰਜਿਸਟਰਾਰ ਜਾਂ ਉਸਦਾ ਨਾਮਜ਼ਦ ਵਿਅਕਤੀ ਜਾਂ ਨਾਮਜ਼ਦ ਵਿਅਕਤੀਆਂ ਦਾ ਬੋਰਡ, ਸੁਣੇ ਜਾਣ ਵਾਲੇ ਝਗੜੇ ਦੀਆਂ ਧਿਰਾਂ ਨੂੰ ਸੁਣਵਾਈ ਦਾ ਵਾਜ਼ਬ ਮੌਕਾ ਦੇਣ ਤੋਂ ਪਿੱਛੋਂ, ਝਗੜਾ, ਧਿਰਾਂ ਦੁਆਰਾ ਕਾਰਵਾਈ ਦੇ ਤੱਲਕ ਵਿੱਚ ਝਗੜਿਆਂ ਦੀਆਂ ਧਿਰਾਂ ਦੁਆਰਾ ਕੀਤੇ ਗਏ ਖ਼ਰਚਿਆਂ ਅਤੇ ਰਜਿਸਟਰਾਰ ਜਾਂ ਉਸਦੇ ਨਾਮਜ਼ਦ ਵਿਅਕਤੀ ਨੂੰ ਜਾਂ ਜਿਹੀ ਕਿ ਸੂਰਤ ਹੋਵੇ, ਨਾਮਜ਼ਦ ਵਿਅਕਤੀਆਂ ਦੇ ਬੋਰਡ ਨੂੰ ਅਦਾਇਗੀਯੋਗ ਫ਼ੀਸ, ਖ਼ਰਚਿਆਂ ’ਤੇ ਫ਼ੈਸਲਾ ਦੇ ਸਕੇਗਾ। ਅਜਿਹਾ ਫ਼ੈਸਲਾ ਕੇਵਲ ਇਸ ਆਧਾਰ ਤੇ ਨਾਜ਼ਾਇਜ ਨਹੀਂ ਹੋਵੇਗਾ ਕਿ ਉਹ ਰਜਿਸਟਰਾਰ ਦੁਆਰਾ ਝਗੜੇ ਦਾ ਫ਼ੈਸਲਾ ਕਰਨ ਲਈ ਨਿਯਤ ਮੁੱਦਤ ਦੇ ਗੁਜ਼ਰਨ ਤੋਂ ਪਿੱਛੋਂ ਦਿੱਤਾ ਗਿਆ ਸੀ ਅਤੇ ਝਗੜੇ ਦੀਆਂ ਧਿਰਾਂ ਤੇ ਬੰਧਨਕਾਰੀ ਹੋਵੇਗਾ।

ਅਵਾਰਡ ਕੀਤੇ ਧਨ ਦੀ ਵਸੂਲੀ।

17. ਧਾਰਾ 16 ਅਧੀਨ ਰਜਿਸਟਰਾਰ ਜਾਂ ਉਸਦੇ ਨਾਮਜ਼ਦ ਵਿਅਕਤੀ ਜਾਂ ਨਾਮਜ਼ਦ ਵਿਅਕਤੀਆਂ ਦੇ ਬੋਰਡ ਦੁਆਰਾ ਦਿੱਤਾ ਗਿਆ ਹਰੇਕ ਫ਼ੈਸਲਾ, ਜੇ ਸਿਰੇ ਨਹੀਂ ਚਾੜ੍ਹਿਆ ਜਾਂਦਾ ਤਾਂ ਰਜਿਸਟਰਾਰ ਦੁਆਰਾ ਦਸਖ਼ਤ ਕੀਤੇ ਗਏ ਇੱਕ ਪ੍ਰਮਾਣ-ਪੱਤਰ ’ਤੇ ਉਸਨੂੰ ਦੀਵਾਨੀ ਅਦਾਲਤ ਦੀ ਡਿਗਰੀ ਸਮਝਿਆ ਜਾਵੇਗਾ ਅਤੇ ਅਜਿਹੀ ਅਦਾਲਤ ਦੀ ਡਿਗਰੀ ਵਜੋਂ ਉਸੇ ਤਰੀਕੇ ਨਾਲ ਤਕਮੀਲ ਕੀਤਾ ਜਾਵੇਗਾ।

ਸਹਿਕਾਰੀ ਸੋਸਾਇਟੀ ਦੇ ਕੋਤਾਹੀ ਕਰਨ ਵਾਲੇ ਮੈਂਬਰਾਂ ਵਿਰੁੱਧ ਕਾਰਵਾਈ ਕਰਨ ਲਈ ਬੈਂਕਾਂ ਦੀਆਂ ਸ਼ਕਤੀਆਂ।

18. (1) ਜੇ ਕੋਈ ਸਹਿਕਾਰੀ ਸੋਸਾਇਟੀ ਆਪਣੇ ਮੈਂਬਰਾਂ ਦੁਆਰਾ ਦੇਣਯੋਗ ਧਨ ਦੀ ਅਦਾਇਗੀ ਵਿੱਚ ਕੋਤਾਹੀ ਕਰਨ ਕਰਕੇ, ਉਸ ਬੈਂਕ ਦਾ ਜਿਸ ਤੋਂ ਉਸਨੇ ਉਧਾਰ ਲਿਆ ਹੈ, ਆਪਣਾ ਰਿਣ ਅਦਾ ਕਰਨ ਵਿੱਚ ਅਸਮਰੱਥ ਹੈ, ਤਾਂ ਬੈਂਕ ਅਜਿਹੀ ਸੋਸਾਇਟੀ ਦੀ ਕਮੇਟੀ ਨੂੰ ਅਜਿਹੇ ਮੈਂਬਰਾਂ ਵਿਰੁੱਧ ਪੰਜਾਬ ਸਹਿਕਾਰੀ ਸੋਸਾਇਟੀਆਂ ਐਕਟ, 1961 ਦੇ ਅਧੀਨ ਕਾਰਵਾਈ ਕਰਨ ਦਾ ਨਿਰਦੇਸ਼ ਦੇ ਸਕਦੀ ਹੈ।

(2) ਜੇ ਸਹਿਕਾਰੀ ਸੋਸਾਇਟੀ ਦੀ ਕਮੇਟੀ ਬੈਂਕ ਤੋਂ ਅਜਿਹੇ ਨਿਰਦੇਸ਼ ਪ੍ਰਾਪਤ ਹੋਣ ਦੀ ਤਰੀਕ ਤੋਂ ਨੱਬੇ ਦਿਨਾਂ ਦੀ ਮੁੱਦਤ ਦੇ ਅੰਦਰ ਆਪਣੇ ਕੋਤਾਹੀ ਕਰਨ ਵਾਲੇ ਮੈਂਬਰਾਂ ਵਿਰੁੱਧ ਕਾਰਵਾਈ ਕਰਨ ਵਿੱਚ ਅਸਫ਼ਲ ਰਹਿੰਦੀ ਹੈ, ਤਾਂ ਬੈਂਕ ਖ਼ੁਦ ਅਜਿਹੇ ਕੋਤਾਹੀ ਕਰਨ ਵਾਲੇ ਮੈਂਬਰਾਂ ਵਿਰੁੱਧ ਕਾਰਵਾਈ ਕਰ ਸਕਦਾ ਹੈ, ਉਸ ਸੂਰਤ ਵਿੱਚ ਪੰਜਾਬ ਸਹਿਕਾਰੀ ਸਭਾ ਐਕਟ, 1961 ਦੇ ਉਪਬੰਧ, ਇਸਦੇ ਅਧੀਨ ਬਣਾਏ ਗਏ ਨਿਯਮ ਅਤੇ ਉਪ-ਕਾਨੂੰਨ ਇਸ ਤਰ੍ਹਾਂ ਲਾਗੂ ਹੋਣਗੇ ਜਿਵੇਂ ਕਿ ਉਕਤ ਉਪਬੰਧਾਂ, ਨਿਯਮਾਂ ਅਤੇ ਉਪ-ਕਾਨੂੰਨਾਂ ਵਿੱਚ ਸੋਸਾਇਟੀ ਜਾਂ ਉਸਦੀ ਕਮੇਟੀ ਦੇ ਸਾਰੇ ਹਵਾਲੇ ਬੈਂਕ ਦੇ ਹਵਾਲੇ ਸਨ।

(3) ਜਿੱਥੇ ਕਿਸੇ ਬੈਂਕ ਨੇ ਕਿਸੇ ਸਹਿਕਾਰੀ ਸੋਸਾਇਟੀ ਦੇ ਵਿਰੁੱਧ ਜੋ ਉਸਦੀ ਰਿਣੀ ਹੋਵੇ, ਕੋਈ ਡਿਗਰੀ ਜਾਂ ਐਵਾਰਡ ਪ੍ਰਾਪਤ ਕੀਤਾ ਹੈ, ਤਾਂ ਬੈਂਕ ਅਜਿਹੇ ਧਨ ਨੂੰ ਸਭ ਤੋਂ ਪਹਿਲਾਂ

ਸਹਿਕਾਰੀ ਸੋਸਾਇਟੀ ਦੇ ਧਨਧਾਮਾਂ ਤੋਂ ਅਤੇ ਦੂਸਰੇ ਨੰਬਰ ਤੇ ਸਹਿਕਾਰੀ ਸੋਸਾਇਟੀ ਦੇ ਮੈਂਬਰਾਂ ਤੋਂ, ਉਸ ਹੱਦ ਤੱਕ ਜਿੱਥੋਂ ਤੱਕ ਉਨ੍ਹਾਂ ਦੁਆਰਾ ਸੋਸਾਇਟੀ ਨੂੰ ਰਿਣ ਦੇਣਯੋਗ ਹੋਵੇ, ਵਸੂਲ ਕਰਨ ਦੀ ਕਾਰਵਾਈ ਕਰ ਸਕਦਾ ਹੈ।

ਸੋਸਾਇਟੀਆਂ ਦੇ ਆਡਿਟ, ਨਿਰੀਖਣ ਅਤੇ ਜਾਂਚ ਦੀਆਂ ਰਿਪੋਟਾਂ ਬੈਂਕਾਂ ਨੂੰ ਉਪਲਬਧ ਹੋਣਗੀਆਂ।

19. ਰਜਿਸਟਰਾਰ, ਸਹਿਕਾਰੀ ਸੋਸਾਇਟੀ ਨੂੰ ਵਿੱਤ ਪੋਸ਼ਣ ਕਰਨ ਵਾਲੇ ਬੈਂਕ ਦਾ ਧਿਆਨ ਪੰਜਾਬ ਸਹਿਕਾਰੀ ਸੋਸਾਇਟੀਆਂ ਐਕਟ, 1961 ਦੇ ਉਪਬੰਧਾਂ ਅਧੀਨ ਅਜਿਹੀ ਸੋਸਾਇਟੀ ਦੇ ਬਾਰੇ ਵਿੱਚ ਕੀਤੇ ਗਏ ਹਰੇਕ ਆਡਿਟ, ਜਾਂਚ-ਪੜਤਾਲ ਜਾਂ ਨਿਰੀਖਣ ਵਿੱਚ ਨੋਟਿਸ ਕੀਤੀਆਂ ਗਈਆਂ ਤਰੁੱਟੀਆਂ ਵੱਲ ਦਿਵਾਏਗਾ ਅਤੇ ਅਜਿਹੇ ਆਡਿਟ, ਜਾਂਚ ਜਾਂ ਨਿਰੀਖਣ ਰਿਪੋਟ ਦੀ ਇੱਕ ਨਕਲ, ਜੇ ਬੈਂਕ ਦੁਆਰਾ ਲਿਖ਼ਤੀ ਰੂਪ ਵਿੱਚ ਮੰਗੀ ਜਾਵੇ, ਉਸਨੂੰ ਵੀ ਦੇਵੇਗਾ।

## ਅਧਿਆਇ VI

### ਫੁੱਟਕਲ

ਸ਼ਾਹੂਕਾਰੀ ਅਤੇ ਕਾਸ਼ਤਕਾਰ ਰਿਣ ਰਾਹਤ ਨਾਲ ਸਬੰਧਤ ਕਾਨੂੰਨਾਂ ਤੋਂ ਛੋਟ।

20. ਸ਼ਾਹੂਕਾਰੀ ਜਾਂ ਕਾਸ਼ਤਕਾਰ ਰਿਣ ਰਾਹਤ ਨਾਲ ਸੰਬੰਧਤ ਤੱਤ ਸਮੇਂ ਨਾਫ਼ਜ਼ ਕਿਸੇ ਕਾਨੂੰਨ ਵਿਚਲੀ ਕੋਈ ਗੱਲ ਕਿਸੇ ਕਾਸ਼ਤਕਾਰ ਦੁਆਰਾ ਬੈਂਕ ਤੋਂ ਲਈ ਗਈ ਵਿੱਤੀ ਸਹਾਇਤਾ ’ਤੇ ਲਾਗੂ ਨਹੀਂ ਹੋਵੇਗੀ।

ਸੰਯੁਕਤ ਹਿੰਦੂ ਪਰਿਵਾਰਾਂ ਦੇ ਕਰਤਾ ਦੁਆਰਾ ਤਕਮੀਲ ਕੀਤੇ ਗਏ ਰਹਿਨ।

21. (1) ਤੱਤ ਸਮੇਂ ਨਾਫ਼ਜ਼ ਕਿਸੇ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਦੇ ਅਰੰਭ ਹੋਣ ਤੋਂ ਪਿੱਛੋਂ ਸੰਯੁਕਤ ਹਿੰਦੂ ਪਰਿਵਾਰ ਦੇ ਕਰਤਾ ਦੁਆਰਾ ਜ਼ਰਾਇਤੀ ਪ੍ਰਯੋਜਨ ਲਈ ਵਿੱਤੀ ਸਹਾਇਤਾ ਸੁਨਿਸ਼ਚਿਤ ਕਰਨ ਲਈ ਇੱਕ ਬੈਂਕ ਦੇ ਹੱਕ ਵਿੱਚ ਤਕਮੀਲ ਕੀਤੇ ਗਏ ਰਹਿਨ ਅਜਿਹੇ ਸੰਯੁਕਤ ਹਿੰਦੂ ਪਰਿਵਾਰ ਦੇ ਹਰੇਕ ਮੈਂਬਰ ਤੇ ਬੰਧਨਕਾਰੀ ਹੋਣਗੇ।

(2) ਜਿੱਥੇ ਬੈਂਕ ਦੇ ਹੱਕ ਵਿੱਚ ਤਕਮੀਲ ਕੀਤੀ ਗਈ ਰਹਿਨ ’ਤੇ ਇਸ ਆਧਾਰ ’ਤੇ ਉਜ਼ਰ ਕੀਤਾ ਜਾਂਦਾ ਹੈ ਕਿ ਇਹ ਸੰਯੁਕਤ ਹਿੰਦੂ ਪਰਿਵਾਰ ਦੇ ਕਰਤਾ ਦੁਆਰਾ ਅਜਿਹੇ ਪ੍ਰਯੋਜਨ ਲਈ ਤਕਮੀਲ ਕੀਤੀ ਗਈ ਸੀ ਜੋ ਉਸਦੇ ਮੈਂਬਰਾਂ ’ਤੇ ਬੰਧਨਕਾਰੀ ਨਹੀਂ ਹੈ (ਭਾਵੇਂ ਅਜਿਹੇ ਮੈਂਬਰ ਬਾਲਗ ਹੋ ਚੁੱਕੇ ਹਨ ਜਾਂ ਨਹੀਂ) ਤਾਂ ਇਸਨੂੰ ਸਾਬਤ ਕਰਨ ਦਾ ਭਾਰ ਦੂਸ਼ਣ ਲਗਾਉਣ ਵਾਲੀ ਧਿਰ ਤੇ ਹੋਵੇਗਾ।

1956 ਦੇ ਕੇਂਦਰੀ ਐਕਟ 32 ਦੀ ਧਾਰਾ 8 ਦੇ ਰੂਪਭੇਦ ਦਾ ਲਾਗੂ ਹੋਣਾ।

22. ਹਿੰਦੂ ਨਾਬਾਲਗ ਅਤੇ ਸਰਪ੍ਰਸਤੀ ਐਕਟ, 1956 ਦੀ ਧਾਰਾ 8, ਬੈਂਕ ਦੇ ਹੱਕ ਵਿੱਚ ਰਹਿਨ ਤੇ ਇਸ ਰੂਪਭੇਦ ਦੇ ਤਾਬੇ ਲਾਗੂ ਹੋਵੇਗੀ, ਕਿ ਉਸ ਵਿੱਚ ਅਦਾਲਤ ਦੇ ਹਵਾਲੇ ਦਾ ਕੁਲੈਕਟਰ ਜਾਂ ਉਸਦੇ ਨਾਮਜ਼ਦ ਵਿਅਕਤੀ ਦੇ ਹਵਾਲੇ ਵਜੋਂ ਅਰਥ ਕੱਢਿਆ ਜਾਵੇਗਾ ਅਤੇ

ਕੁਲੈਕਟਰ ਜਾਂ ਉਸਦੇ ਨਾਮਜ਼ਦ ਵਿਅਕਤੀ ਦੇ ਹੁਕਮ ਵਿਰੁੱਧ ਅਪੀਲ ਕਮਿਸ਼ਨਰ ਨੂੰ ਕੀਤੀ ਜਾਵੇਗੀ।

ਨਿਯਮ ਬਣਾਉਣ ਦੀ ਸ਼ਕਤੀ।

23. (1) ਰਾਜ ਸਰਕਾਰ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਦੇ ਪ੍ਰਯੋਜਨ ਲਈ ਉਹਨਾਂ ਸਾਰੇ ਮਾਮਲਿਆਂ ਲਈ ਨਿਯਮ ਬਣਾ ਸਕੇਗੀ ਜਿਨ੍ਹਾਂ ਲਈ ਉਪਬੰਧ ਕਰਨਾ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਹੈ ਅਤੇ ਅਜਿਹੇ ਸਭ ਨਿਯਮ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤੇ ਜਾਣਗੇ।

(2) ਉਪ-ਧਾਰਾ (1) ਅਧੀਨ ਬਣਾਏ ਗਏ ਨਿਯਮ ਪੂਰਵ ਪ੍ਰਕਾਸ਼ਨ ਦੇ ਤਾਬੇ ਹੋਣਗੇ।

(3) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ, ਐਪਰ ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਣ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਕੀਤੇ ਜਾਣੋਂ ਰਹਿ ਗਈ ਕਿਸੇ ਗੱਲ ਦੀ ਜਾਇਜ਼ਤਾ ’ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

## ਅਨੁਸੂਚੀ

### ਧਾਰਾ 4(1) ਅਧੀਨ ਐਲਾਨ

ਮੈਂ, ______ (ਉਮਰ _____ ਸਾਲ) _____________ ਨਿਵਾਸੀ _____ ਬੈਂਕ ਤੋਂ ਵਿੱਤੀ ਸਹਾਇਤਾ ਪ੍ਰਾਪਤ ਕਰਨ ਦਾ ਖਾਹਿਸ਼ਮੰਦ ਹੁੰਦੇ ਹੋਏ, ਪੰਜਾਬ ਜ਼ਰਾਇਤੀ ਉਧਾਰ ਕਿਰਿਆਵਾਂ ਅਤੇ ਫੁੱਟਕਲ ਉਪਬੰਧ (ਬੈਂਕ) ਐਕਟ, 1978 ਦੀ ਧਾਰਾ 4 ਦੀ ਉਪ-ਧਾਰਾ (1) ਦੇ ਲੋੜਨ ਅਨੁਸਾਰ ਇਹ ਐਲਾਨ ਕਰਦਾ ਹਾਂ, ਕਿ ਮੈਂ, _______ ਹੇਠਾਂ ਉਲਿਖਤ ਕੀਤੀ ਗਈ ਭੋਂ/ਹੋਰ ਅਚੁੱਕਵੀਂ ਸੰਪੱਤੀ ਦਾ ਮਾਲਕ ਹਾਂ/ਕਿਰਾਏਦਾਰ ਵਜੋਂ ਹਿੱਤ ਰੱਖਦਾ ਹਾਂ ਅਤੇ ਮੈਂ ਇਸ ਦੁਆਰਾ, ਉਸ ਵਿੱਤੀ ਸਹਾਇਤਾ ਨੂੰ ਸੁਨਿਸ਼ਚਿਤ ਕਰਨ ਲਈ ਜੋ ਬੈਂਕ ਦੁਆਰਾ ਦਿੱਤੀ ਜਾ ਸਕਦੀ ਹੈ ਅਤੇ ਭਵਿੱਖ ਵਿੱਚ ਕੀਤੀ ਜਾਣ ਵਾਲੀ ਸਾਰੀ ਸਹਾਇਤਾ, ਜੇ ਕੋਈ ਹੋਵੇ, ਜੋ ਬੈਂਕ ਮੈਨੂੰ ਵਿਆਜ ਅਤੇ ਉਸ 'ਤੇ ਲਾਗਤਾਂ ਅਤੇ ਖ਼ਰਚਿਆਂ ਸਮੇਤ ਦੇ ਸਕਦਾ ਹੈ, ਉਕਤ ਭੋਂ, ਹੋਰ ਅਚੁੱਕਵੀਂ ਸੰਪੱਤੀ, ਭੋਂ ਵਿੱਚ ਹਿੱਤ 'ਤੇ ਬੈਂਕ ਦੇ ਹੱਕ ਵਿੱਚ ਇੱਕ ਭਾਰ ਸਿਰਜਦਾ ਹਾਂ।

| ਮਾਲ ਸੰਪਦਾ ਦਾ ਨਾਂ | ਤਹਿਸੀਲ ਦਾ ਨਾਂ | ਜ਼ਿਲ੍ਹੇ ਦਾ ਨਾਂ | ਖਸਰਾ ਨੰਬਰ | ਹੱਦਾਂ ਦੱਖਣ, ਉੱਤਰ, ਪੂਰਬ, ਪੱਛਮ | ਖੇਤਰ |
|---|---|---|---|---|---|
| 1 | 2 | 3 | 4 | 5 | 6 |

### ਪ੍ਰਕਾਰ, ਜੇ ਕੋਈ ਹੋਵੇ

| ਨਿਰਧਾਰਣ ਰੁਪਏ ਪੈਸੇ | ਅੰਦਾਜ਼ਨ ਮੁੱਲ | ਪ੍ਰਕ੍ਰਿਤੀ | ਰਕਮ | ਵਿਸ਼ੇਸ਼ ਕਥਨ, ਜੇ ਕੋਈ ਹੋਵੇ |
|---|---|---|---|---|
| 7 | 8 | 9 | 10 | 11 |

ਜਿਸਦੀ ਗਵਾਹੀ ਵਜੋਂ, ਮੈਂ, _______ ਦਿਨ _____ ਸਾਲ ਇੱਕ ਹਜ਼ਾਰ ਨੌਂ ਸੌ ______ ਨੂੰ ਹੇਠਾਂ ਆਪਣੇ ਦਸਖ਼ਤ ਕੀਤੇ ਹਨ ਅਤੇ _______।

ਗਵਾਹ :–

ਉੱਪਰ ਦੱਸੇ ਗਏ ਵਿਅਕਤੀਆਂ ਦੁਆਰਾ ਹੇਠ-ਲਿਖਿਆਂ ਦੇ ਸਾਹਮਣੇ ਦਸਖ਼ਤ ਅਤੇ ਪ੍ਰਦਾਨ ਕੀਤੇ ਗਏ —

(1) ______________

(2) ______________

ਐਲਾਨਕਾਰ ਦੇ ਦਸਖ਼ਤ

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

ਡਿਸਕਲੇਮਰ:– ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

*3840/9-2026/Pb. Govt. Press, S.A.S. Nagar*

ਭਾਗ-1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 25 ਸਤੰਬਰ, 2026

**ਨੰ.69/ਭ:ਕ/2026.-** ਪੰਜਾਬ ਜ਼ਰਾਇਤੀ ਰਿਣਦਾਰੀ ਨਿਪਟਾਰਾ ਐਕਟ, 2016 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 25th September, 2026

**No.69/L.C./2026.-** The Translation in Punjabi of the Punjab Settlement of Agricultural Indebtedness Act, 2016 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਜ਼ਰਾਇਤੀ ਰਿਣਦਾਰੀ ਨਿਪਟਾਰਾ ਐਕਟ, 2016

(2016 ਦਾ ਪੰਜਾਬ ਐਕਟ ਨੰ: 15)

ਕਾਸ਼ਤਕਾਰਾਂ, ਖੇਤੀ ਮਜ਼ਦੂਰਾਂ ਅਤੇ ਖੇਤੀ ਤੇ ਨਿਰਭਰ ਹੋਰ ਵਿਅਕਤੀਆਂ ਨੂੰ ਰਾਹਤ ਪ੍ਰਦਾਨ ਕਰਨ ਲਈ, ਅਤੇ ਉਹਨਾਂ ਦੇ ਰਿਣ ਨਾਲ ਸਬੰਧਤ ਝਗੜਿਆਂ ਦਾ ਉਚਿਤ ਅਤੇ ਸ਼ੀਘਰਤਾ ਨਾਲ ਨਿਪਟਾਰਾ ਕਰਨ ਲਈ ਅਤੇ ਉਸ ਨਾਲ ਤੱਲਕ ਰੱਖਦੇ ਜਾਂ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸਤਾਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ-ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਜ਼ਰਾਇਤੀ ਰਿਣਦਾਰੀ ਨਿਪਟਾਰਾ ਐਕਟ, 2016 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਸਰਕਾਰੀ ਗਜ਼ਟ ਵਿੱਚ ਇਸ ਦੇ ਪ੍ਰਕਾਸ਼ਨ ਦੀ ਤਰੀਕ ਨੂੰ ਅਤੇ ਤੋਂ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨ ਲੋੜੇ,- ਪਰਿਭਾਸ਼ਾਵਾਂ।

(ੳ) "ਖੇਤੀ" ਵਿੱਚ ਬਾਗਬਾਨੀ ਅਤੇ ਪਸ਼ੂ-ਪਾਲਣ ਦੇ ਕਿਸੇ ਪ੍ਰਯੋਜਨ ਲਈ ਭੋਂ ਦੀ ਵਰਤੋਂ ਸ਼ਾਮਲ ਹੋਵੇਗੀ, ਜਿਸ ਵਿੱਚ ਪਸ਼ੂ ਧਨ, ਮੁਰਗੀ ਪਾਲਣ, ਸੂਰ ਪਾਲਣ, ਮੱਛੀ ਪਾਲਣ ਜਾਂ ਮਧੂ ਮੱਖੀ ਦਾ ਪਾਲਣ-ਪੋਸ਼ਣ ਜਾਂ

ਨਸਲਕਸ਼ੀ ਅਤੇ ਖੇਤੀ ਸਬੰਧੀ ਵਣ ਦੀ ਕਾਸ਼ਤ ਅਤੇ ਇਸੇ ਤਰ੍ਹਾਂ ਦੇ ਹੋਰ ਕੰਮ ਸ਼ਾਮਲ ਹਨ;

(ਅ) "ਕਾਸ਼ਤਕਾਰ" ਦਾ ਮਤਲਬ ਹੈ ਉਹ ਵਿਅਕਤੀ ਜੋ ਭੋਂ ਦਾ ਮਾਲਕ ਹੈ ਜਾਂ ਉਸ ਤੇ ਕਾਸ਼ਤ ਕਰਦਾ ਹੈ ਅਤੇ ਜਿਸ ਦੀ ਜੀਵਕਾ ਦਾ ਸਾਧਨ ਅਜਿਹੀ ਭੋਂ ਦੀ ਕਾਸ਼ਤ ਤੋਂ ਹੋਣ ਵਾਲੀ ਆਮਦਨ ਹੈ ਜਾਂ ਅੰਸ਼ਕ ਤੌਰ ਤੇ ਅਜਿਹੀ ਭੋਂ ਦੀ ਕਾਸ਼ਤ ਤੋਂ ਹੋਣ ਵਾਲੀ ਆਮਦਨ ਹੈ ਅਤੇ ਅੰਸ਼ਕ ਤੌਰ ਤੇ ਉਸ ਦੁਆਰਾ ਕੀਤੇ ਜਾਣ ਵਾਲੇ ਕਿਸੇ ਹੋਰ ਉਪਜੀਵਕਾ ਤੋਂ ਨਕਦ ਜਾਂ ਜਿਨਸ ਦੇ ਰੂਪ ਵਿੱਚ, ਜਾਂ ਅੰਸ਼ਕ ਤੌਰ ਤੇ ਨਕਦ ਜਾਂ ਅੰਸ਼ਕ ਤੌਰ ਤੇ ਜਿਨਸ ਦੇ ਰੂਪ ਵਿੱਚ ਉਜ਼ਰਤਾਂ ਵਜੋਂ ਮਿਲਣ ਵਾਲੀ ਆਮਦਨ ਹੈ;

(ੲ) "ਖੇਤੀ ਮਜ਼ਦੂਰ" ਦਾ ਮਤਲਬ ਹੈ ਅਜਿਹਾ ਵਿਅਕਤੀ ਜੋ ਭਾੜੇ ਜਾਂ ਵਟਾਂਦਰੇ ਦੇ ਆਧਾਰ ਤੇ ਮਜ਼ਦੂਰ ਦੀ ਹੈਸੀਅਤ ਵਿੱਚ ਹੇਠ-ਲਿਖੀ ਉਪਜੀਵਕਾ ਵਿੱਚੋਂ ਕੋਈ ਇੱਕ ਜਾਂ ਵੱਧ ਉਪਜੀਵਕਾ ਅਪਣਾਉਂਦਾ ਹੈ, ਭਾਵੇਂ ਉਸ ਨੂੰ ਨਕਦ ਜਾਂ ਜਿਨਸ ਦੇ ਰੂਪ ਵਿੱਚ ਜਾਂ ਅੰਸ਼ਕ ਤੌਰ ਤੇ ਨਕਦ ਅਤੇ ਅੰਸ਼ਕ ਤੌਰ ਤੇ ਜਿਨਸ ਦੇ ਰੂਪ ਵਿੱਚ ਅਦਾ ਕੀਤਾ ਗਿਆ ਹੋਵੇ:-

(i) ਖੇਤੀਬਾੜੀ ਜਿਸ ਵਿੱਚ ਜ਼ਮੀਨ ਦੀ ਕਾਸ਼ਤ ਅਤੇ ਵਾਹੀ ਆਦਿ ਸ਼ਾਮਲ ਹੈ;

(ii) ਡੇਰੀ ਉਦਯੋਗ ਅਤੇ ਮੱਛੀ ਪਾਲਣ;

(iii) ਕਿਸੇ ਵੀ ਬਾਗ਼ਬਾਨੀ ਵਸਤ ਦਾ ਉਤਪਾਦਨ, ਕਾਸ਼ਤ, ਉਗਾਉਣਾ ਅਤੇ ਵਾਢੀ;

(iv) ਪਸ਼ੂ ਧਨ, ਮਧੂ-ਮੱਖੀ ਜਾਂ ਮੁਰਗੀ ਪਾਲਣ ਨੂੰ ਵਧਾਉਣਾ;

(v) ਖੇਤ ਕਿਰਿਆਵਾਂ ਦੇ ਅਨੁਸੰਗਕ ਵਜੋਂ ਜਾਂ ਇਸ ਦੇ ਨਾਲ ਮਿਲ ਕੇ ਖੇਤ ਉੱਤੇ ਕੀਤੀ ਗਈ ਕੋਈ ਕਿਰਿਆ (ਜਿਸ ਵਿੱਚ ਕੋਈ ਵਣ ਜਾਂ ਇਮਾਰਤੀ ਲੱਕੜੀ ਸਬੰਧੀ ਕਾਰਜ ਸ਼ਾਮਲ ਹੈ) ਅਤੇ ਖੇਤੀ-ਉਤਪਾਦਾਂ ਦੀ ਮੰਡੀ ਲਈ ਤਿਆਰੀ ਅਤੇ ਭੰਡਾਰਨ, ਜਾਂ ਮੰਡੀ ਤੱਕ ਪਹੁੰਚਾਉਣ ਜਾਂ ਵਾਹਨ ਤੱਕ ਢੁਆਈ ਲਈ ਹਵਾਲਗੀ;

(ਸ) "ਬੈਂਕ" ਦਾ ਮਤਲਬ ਹੈ,-

(i) ਇੱਕ ਅਨੁਸੂਚਿਤ ਬੈਂਕ ਜੋ ਭਾਰਤੀ ਰਿਜ਼ਰਵ ਬੈਂਕ ਐਕਟ, 1934 (1934 ਦਾ ਕੇਂਦਰੀ ਐਕਟ ਨੰ: 2) ਦੀ ਧਾਰਾ 2 ਦੇ ਖੰਡ (ਹ) ਵਿੱਚ ਪਰਿਭਾਸ਼ਤ ਕੀਤਾ ਗਿਆ ਹੈ; ਅਤੇ

(ii) ਇਸ ਐਕਟ ਦੇ ਪ੍ਰਯੋਜਨਾਂ ਲਈ ਰਾਜ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਬੈਂਕ ਵਜੋਂ ਅਧਿਸੂਚਿਤ ਕੋਈ ਹੋਰ ਵਿੱਤੀ ਸੰਸਥਾ;

(ਹ) "ਦੀਵਾਨੀ ਅਦਾਲਤ" ਵਿੱਚ,–

(i) ਪ੍ਰਾਂਤਕ ਦਿਵਾਲਾ ਐਕਟ, 1920 (1920 ਦਾ ਕੇਂਦਰੀ ਐਕਟ 5) ਅਧੀਨ ਅਧਿਕਾਰਤਾ ਦੀ ਵਰਤੋਂ ਕਰਨ ਵਾਲੀ ਅਦਾਲਤ; ਅਤੇ

(ii) ਪ੍ਰਾਂਤਕ ਛੋਟਾ ਮੁਕੱਦਮਾ ਅਦਾਲਤ ਐਕਟ, 1887 (1887 ਦਾ ਕੇਂਦਰੀ ਐਕਟ 9) ਅਧੀਨ ਸ਼ਕਤੀਆਂ ਦੀ ਵਰਤੋਂ ਕਰਨ ਵਾਲੀ ਅਦਾਲਤ;

ਸ਼ਾਮਲ ਹੈ;

(ਕ) "ਸਹਿਕਾਰੀ ਸੋਸਾਇਟੀ" ਦਾ ਮਤਲਬ ਹੈ ਪੰਜਾਬ ਸਹਿਕਾਰੀ ਸੋਸਾਇਟੀ ਐਕਟ, 1961 ਦੇ ਅਧੀਨ ਰਜਿਸਟਰਸ਼ੁਦਾ ਜਾਂ ਰਜਿਸਟਰਸ਼ੁਦਾ ਸਮਝੀ ਗਈ ਇੱਕ ਸੁਸਾਇਟੀ;

(ਖ) "ਲੈਣਦਾਰ" ਦਾ ਮਤਲਬ ਹੈ ਉਹ ਵਿਅਕਤੀ ਜਾਂ ਸੰਸਥਾ ਜਿਸ ਨੂੰ ਰਿਣੀ ਰਿਣ ਦੇਣਦਾਰ ਹੋਵੇ;

(ਗ) "ਰਿਣ" ਵਿੱਚ ਰਿਣੀ ਦੀਆਂ ਨਕਦ ਜਾਂ ਜਿਨਸ ਦੇ ਰੂਪ ਵਿੱਚ, ਸੁਰੱਖਿਅਤ ਜਾਂ ਅਸੁਰੱਖਿਅਤ ਸਾਰੀਆਂ ਦੇਣਦਾਰੀਆਂ ਸ਼ਾਮਲ ਹਨ, ਭਾਵੇਂ ਉਹ ਦੀਵਾਨੀ ਅਦਾਲਤ ਦੀ ਡਿਗਰੀ ਜਾਂ ਹੁਕਮ ਅਧੀਨ ਜਾਂ ਹੋਰ ਤਰ੍ਹਾਂ ਨਾਲ ਅਦਾਇਗੀਯੋਗ ਹੋਣ, ਭਾਵੇਂ ਦੇਣਯੋਗ ਹੋਣ ਜਾਂ ਨ ਹੋਣ, ਪਰ ਇਸ ਵਿੱਚ:–

(i) ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਨੂੰ ਦੇਣਯੋਗ ਕੋਈ ਰਿਣ;

(ii) ਪੰਜਾਬ ਰਾਜ ਦੀ ਸਰਕਾਰ ਜਾਂ ਭਾਰਤ ਸਰਕਾਰ ਦੁਆਰਾ ਸੁਸੰਗਤ ਕਾਨੂੰਨ ਅਧੀਨ ਸਥਾਪਤ ਕਿਸੇ ਨਿਗਮ ਜਾਂ ਫੋਰਮ ਜਾਂ ਕਿਸੇ ਹੋਰ ਸੰਗਠਨ ਨੂੰ ਦੇਣਯੋਗ ਕੋਈ ਰਿਣ;

(iii) ਵਪਾਰ ਦੇ ਪ੍ਰਯੋਜਨਾਂ ਲਈ ਉਠਾਇਆ ਗਿਆ ਕੋਈ ਰਿਣ;

(iv) ਕਿਸੇ ਰਿਣੀ ਨੂੰ ਕਿਰਾਏ ਤੇ ਦਿੱਤੀ ਗਈ ਕਿਸੇ ਸੰਪੱਤੀ ਦੇ ਬਾਰੇ ਵਿੱਚ ਦੇਣਯੋਗ ਕੋਈ ਕਿਰਾਇਆ;

(v) ਕਿਸੇ ਬੈਂਕ ਜਾਂ ਸਹਿਕਾਰੀ ਸੋਸਾਇਟੀ ਨੂੰ ਦੇਣਯੋਗ ਕੋਈ ਰਿਣ;

(vi) ਟ੍ਰਸਟ ਭੰਗ ਜਾਂ ਕੋਈ ਅਪਕਰਮ ਦੇਣਦਾਰੀ ਤੋਂ ਪੈਦਾ ਹੋਣ ਵਾਲੀ ਕੋਈ ਦੇਣਦਾਰੀ;

(vii) ਦਿੱਤੀਆਂ ਗਈਆਂ ਸੇਵਾਵਾਂ ਲਈ ਤਨਖ਼ਾਹ ਜਾਂ ਹੋਰ ਤਰ੍ਹਾਂ ਦੇਣਯੋਗ ਉਜ਼ਰਤਾਂ ਜਾਂ ਮਿਹਨਤਾਨੇ ਦੇ ਬਾਰੇ ਵਿੱਚ ਕੋਈ ਦੇਣਦਾਰੀ;

(viii) ਹੱਦਬੰਦੀ ਕਾਨੂੰਨ ਦੁਆਰਾ ਬਾਰਤ ਕੋਈ ਰਿਣ;

(ix) ਭੋਂ ਮਾਲੀਏ ਜਾਂ ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲਣਯੋਗ ਕੋਈ ਹੋਰ ਰਕਮ; ਅਤੇ

(x) ਗੁਜ਼ਾਰੇ ਦੇ ਬਾਰੇ ਵਿੱਚ ਕੋਈ ਦੇਣਦਾਰੀ, ਭਾਵੇਂ ਉਹ ਦੀਵਾਨੀ ਅਦਾਲਤ ਦੀ ਡਿਗਰੀ ਜਾਂ ਹੋਰ ਤਰ੍ਹਾਂ ਨਾਲ ਹੋਵੇ;

ਸ਼ਾਮਲ ਨਹੀਂ ਹੋਣਗੇ;

(ਘ) "ਰਿਣੀ" ਦਾ ਮਤਲਬ ਹੈ ਉਹ ਵਿਅਕਤੀ ਜੋ ਰਿਣ ਦੇਣਦਾਰ ਹੈ ਅਤੇ–

(i) ਜੋ ਮੁੱਖ ਤੌਰ ਤੇ ਖੇਤੀ ਰਾਹੀਂ ਆਪਣੀ ਜੀਵਕਾ ਕਮਾਉਂਦਾ ਹੈ, ਅਤੇ ਜਾਂ ਤਾਂ ਭੋਂ ਮਾਲਕ ਹੈ, ਜਾਂ ਜ਼ਰਾਇਤੀ ਭੋਂ ਦਾ ਮੁਜ਼ਾਰਾ ਹੈ, ਜਾਂ ਭੋਂ ਮਾਲਕ ਦਾ ਸੇਵਕ ਜਾਂ ਜ਼ਰਾਇਤੀ ਭੋਂ ਦਾ ਮੁਜ਼ਾਰਾ ਹੈ; ਜਾਂ

(ii) ਜੋ ਖੇਤੀ ਨਾਲ ਮੁਤੱਲਕ ਕੰਮ ਲਈ ਨਕਦ ਜਾਂ ਜਿਨਸ ਦੇ ਰੂਪ ਵਿੱਚ ਅਦਾ ਕੀਤੇ ਜਾਣ ਵਾਲੇ ਖੇਤੀ ਮਜ਼ਦੂਰ ਵਜੋਂ ਆਪਣੀ ਜੀਵਕਾ ਕਮਾਉਂਦਾ ਹੈ;

ਵਿਆਖਿਆ.- (ੳ) ਪਦ ਰਿਣੀ ਵਿੱਚ ਇੱਕ ਕਾਸ਼ਤਕਾਰ ਸ਼ਾਮਲ ਹੈ, ਇਸ ਤੱਥ ਦੇ ਹੁੰਦਿਆਂ ਹੋਇਆਂ ਵੀ ਕਿ ਉਹ ਸੰਘ ਦੀਆਂ ਸ਼ਸਤਰਧਾਰੀ ਸੈਨਾ ਵਿੱਚ ਸੇਵਾ ਵਿੱਚ ਸ਼ਾਮਲ ਹੋਇਆ ਹੈ; ਪ੍ਰੰਤੂ ਉਸ ਦਾ ਪਰਿਵਾਰ ਖੇਤੀ ਵਿੱਚ ਲੱਗਿਆ ਹੋਇਆ ਹੈ; ਅਤੇ

(ਅ) ਇੱਕ ਰਿਣੀ ਇਸ ਕਾਰਨ ਕਰਕੇ ਆਪਣਾ ਅਜਿਹਾ ਰੁਤਬਾ ਨਹੀਂ ਗੁਆਏਗਾ ਕਿ–

(i) ਉਹ ਢੁਆਈ ਦੇ ਪ੍ਰਯੋਜਨ ਲਈ ਆਪਣੇ ਵਾਹੁਣ ਵਾਲੇ ਡੰਗਰ ਜਾਂ ਟਰੈਕਟਰ ਦੀ ਵਰਤੋਂ ਕਰਕੇ ਆਮਦਨ ਕਮਾਉਂਦਾ ਹੈ; ਜਾਂ

(ii) ਉਹ ਆਪਣੇ ਹੱਥੀਂ ਕਾਸ਼ਤ ਨਹੀਂ ਕਰਦਾ;

(ਙ) "ਫੋਰਮ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 5 ਦੇ ਅਧੀਨ ਸਥਾਪਤ ਕੀਤੀ ਗਈ ਡਵੀਜ਼ਨਲ ਜ਼ਰਾਇਤੀ ਰਿਣ ਨਿਪਟਾਰਾ ਫੋਰਮ;

(ਚ) "ਸਰਕਾਰ" ਦਾ ਮਤਲਬ ਹੈ ਪੰਜਾਬ ਸਰਕਾਰ ਜੇਕਰ ਪ੍ਰਸੰਗ ਹੋਰ ਤਰ੍ਹਾਂ ਨ ਲੋੜੇ;

(ਛ) "ਅਧਿਸੂਚਿਤ" ਦਾ ਮਤਲਬ ਹੈ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਅਧਿਸੂਚਨਾ ਦੁਆਰਾ ਅਧਿਸੂਚਿਤ;

(ਜ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਝ) "ਨਿਯਮ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮ; ਅਤੇ

(ਞ) "ਟ੍ਰਿਬਿਊਨਲ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 6 ਅਧੀਨ ਸਥਾਪਤ ਕੀਤਾ ਗਿਆ ਪੰਜਾਬ ਜ਼ਰਾਇਤੀ ਰਿਣ ਨਿਪਟਾਰਾ ਟ੍ਰਿਬਿਊਨਲ।

ਸਮਝਿਆ ਗਿਆ ਨਿਸਤਾਰਾ।

3. ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਜਾਂ ਕਿਸੇ ਮੁਆਇਦੇ ਵਿੱਚ ਜਾਂ ਕਾਨੂੰਨ ਦਾ ਬਲ ਰੱਖਣ ਵਾਲੀ ਹੋਰ ਲਿਖਤ ਜਾਂ ਕਿਸੇ ਹੋਰ ਤਰ੍ਹਾਂ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ,-

(ੳ) ਇਸ ਐਕਟ ਦੇ ਅਰੰਭ ਹੋਣ ਤੇ ਕਿਸੇ ਰਿਣੀ ਦੁਆਰਾ ਦੇਣਯੋਗ ਬਣਦਾ ਹਰੇਕ ਰਿਣ, ਉਸ ਤੇ ਅਦਾਇਗੀਯੋਗ ਕਿਸੇ ਵਿਆਜ਼ ਸਮੇਤ, ਪੂਰਨ ਤੌਰ ਤੇ ਨਿਸਤਾਰਾ ਹੋਇਆ ਸਮਝਿਆ ਜਾਵੇਗਾ, ਜੇ ਇਸ ਐਕਟ ਅਧੀਨ ਦਾਇਰ ਕੀਤੀ ਗਈ ਕਿਸੇ ਦਰਖ਼ਾਸਤ ਤੇ ਫੋਰਮ ਜਾਂ ਟ੍ਰਿਬਿਊਨਲ ਦੁਆਰਾ ਲਿਖਤੀ ਹੁਕਮ ਦੁਆਰਾ ਇਸ ਤਰ੍ਹਾਂ ਫ਼ੈਸਲਾ/ਨਿਰਧਾਰਤ ਕੀਤਾ ਗਿਆ ਹੋਵੇ; ਅਤੇ

(ਅ) ਕਿਸੇ ਰਿਣੀ ਦੁਆਰਾ ਗਿਰਵੀ ਜਾਂ ਰਹਿਨ ਰੱਖੀ ਗਈ ਹਰੇਕ ਸੰਪੱਤੀ ਜਿਸ ਦਾ ਰਿਣ ਖੰਡ (ੳ) ਅਧੀਨ ਨਿਸਤਾਰਾ ਹੋਇਆ ਸਮਝਿਆ ਜਾਂਦਾ ਹੈ, ਮੁਕਤ ਹੋ ਜਾਵੇਗੀ ਅਤੇ ਜਦੋਂ ਅਜਿਹਾ ਰਿਣ ਨਿਸਤਾਰਾ ਕੀਤਾ ਸਮਝਿਆ ਜਾਂਦਾ ਹੈ ਤਾਂ ਸਾਰੇ ਪ੍ਰਭਾਰਾਂ ਤੋਂ ਮੁਕਤ ਹੋ ਕੇ ਉਸ ਵਿੱਚ ਨਿਹਿਤ ਹੋ ਜਾਵੇਗੀ।

ਰਿਣ ਦੀ ਘੱਟ ਤੋਂ ਘੱਟ ਸੀਮਾ।

3-ੳ. ਸਰਕਾਰ ਰਿਣ ਦੀ ਵੱਧ ਤੋਂ ਵੱਧ ਰਕਮ ਨੂੰ ਅਧਿਸੂਚਿਤ ਕਰੇਗੀ ਜੋ ਲੈਣਦਾਰ ਦੁਆਰਾ ਪ੍ਰਤੀ ਏਕੜ ਦੇ ਆਧਾਰ ਤੇ ਰਿਣੀ ਨੂੰ ਦਿੱਤੀ ਜਾ ਸਕਦੀ ਹੈ।

ਵਿਆਜ਼ ਦਾ ਲੇਖਾ ਲਾਉਣਾ।

4. ਰਿਣ ਤੇ ਅਦਾਇਗੀ ਯੋਗ ਵਿਆਜ਼ ਅਜਿਹੀ ਦਰ ਤੇ ਮਿੱਥਿਆ ਜਾਵੇਗਾ ਜਿਵੇਂ ਸਰਕਾਰ ਦੁਆਰਾ ਅਧਿਸੂਚਿਤ ਕੀਤਾ ਜਾਵੇ। ਰਿਣ ਤੇ ਅਦਾਇਗੀਯੋਗ ਵਿਆਜ਼, ਸਲਾਨਾ ਆਧਾਰ ਤੇ ਮਿੱਥਿਆ ਜਾਣ ਵਾਲਾ ਸਾਧਾਰਨ ਵਿਆਜ਼ ਹੋਵੇਗਾ।

ਡਿਵੀਜ਼ਨਲ ਰਿਣ ਨਿਪਟਾਰਾ ਫੋਰਮ ਦੀ ਸਥਾਪਨਾ।

5. (1) ਸਰਕਾਰ ਇਸ ਐਕਟ ਦੇ ਪ੍ਰਯੋਜਨਾਂ ਨੂੰ ਅਜਿਹੀ ਡਿਵੀਜ਼ਨ ਦੀ ਰਾਜ ਖੇਤਰੀ ਅਧਿਕਾਰਤਾ ਅੰਦਰ ਸਿਰੇ ਚਾੜ੍ਹਨ ਲਈ ਰਾਜ ਦੇ ਹਰੇਕ ਡਿਵੀਜ਼ਨ ਵਿੱਚ ਇੱਕ ਡਿਵੀਜ਼ਨਲ ਖੇਤੀ ਰਿਣ ਨਿਪਟਾਰਾ ਫੋਰਮ (ਜਿਸ ਦਾ ਇਸ ਵਿੱਚ ਇਸ ਤੋਂ ਪਿੱਛੋਂ ਫੋਰਮ ਵਜੋਂ ਹਵਾਲਾ ਦਿੱਤਾ ਗਿਆ ਹੈ) ਸਥਾਪਤ ਕਰੇਗੀ।

(2) ਫੋਰਮ ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਤਿੰਨ ਮੈਂਬਰਾਂ ਤੋਂ ਮਿਲ ਕੇ ਬਣੇਗਾ ਜਿਸ ਵਿੱਚ ਇੱਕ ਚੇਅਰਮੈਨ ਅਤੇ ਦੋ ਮੈਂਬਰ ਸ਼ਾਮਲ ਹਨ।

(3) ਫੋਰਮ ਦਾ ਚੇਅਰਮੈਨ ਡਿਵੀਜ਼ਨ ਦਾ ਕਮਿਸ਼ਨਰ ਹੋਵੇਗਾ ਅਤੇ ਦੋ ਅਹੁਦੇ-ਕਾਰਨ ਮੈਂਬਰ, ਅਧਿਸੂਚਨਾ ਦੁਆਰਾ, ਖੇਤੀ ਅਤੇ ਮਾਲ ਵਿਭਾਗ ਤੋਂ ਇੱਕ-ਇੱਕ, ਨਾਮਜ਼ਦ ਕੀਤੇ ਜਾਣਗੇ।

(4) ਫੋਰਮ ਨੂੰ ਰਿਣੀ ਅਤੇ ਉਸ ਦੇ ਲੈਣਦਾਰ ਵਿਚਕਾਰ ਨਿਪਟਾਰਾ ਕਰਵਾਉਣ ਦੀ ਅਧਿਕਾਰਤਾ ਹੋਵੇਗੀ ਜੇਕਰ-

(i) ਕਰਜ਼ਾ ਰਿਣੀ ਦੁਆਰਾ ਲਿਆ ਗਿਆ ਹੋਵੇ ਜਾਂ ਲੈਣਦਾਰ ਦੁਆਰਾ ਜ਼ਰਾਇਤੀ ਪ੍ਰਯੋਜਨਾਂ ਲਈ ਪ੍ਰਦਾਨ ਕੀਤਾ ਗਿਆ ਹੋਵੇ; ਅਤੇ

(ii) ਰਿਣੀ ਦਾ ਕੁੱਲ ਰਿਣ ਪੰਦਰਾਂ ਲੱਖ ਰੁਪਏ ਤੋਂ ਵੱਧ ਨ ਹੋਵੇ।

ਰਿਣ ਨਿਪਟਾਰਾ ਟ੍ਰਿਬਿਊਨਲ ਦੀ ਸਥਾਪਨਾ।

6. (1) ਸਰਕਾਰ ਇੱਕ ਪੰਜਾਬ ਜ਼ਰਾਇਤੀ ਰਿਣ ਨਿਪਟਾਰਾ ਟ੍ਰਿਬਿਊਨਲ (ਜਿਸ ਦਾ ਇਸ ਵਿੱਚ ਇਸ ਤੋਂ ਪਿੱਛੋਂ ਟ੍ਰਿਬਿਊਨਲ ਵਜੋਂ ਹਵਾਲਾ ਦਿੱਤਾ ਗਿਆ) ਸਥਾਪਤ ਕਰੇਗੀ ਜਿਸ ਵਿੱਚ ਇੱਕ ਚੇਅਰਮੈਨ ਸਮੇਤ ਤਿੰਨ ਮੈਂਬਰ ਹੋਣਗੇ।

(2) ਟ੍ਰਿਬਿਊਨਲ ਦਾ ਚੇਅਰਮੈਨ ਉੱਚ ਅਦਾਲਤ ਦਾ ਸੇਵਾ-ਮੁਕਤ ਜੱਜ ਹੋਵੇਗਾ।

(3) ਟ੍ਰਿਬਿਊਨਲ ਦੇ ਦੋ ਮੈਂਬਰ ਸਰਕਾਰ ਦੁਆਰਾ ਸਮਾਜਿਕ ਸੇਵਾ, ਖੇਤੀ, ਵਿੱਤੀ ਸੇਵਾਵਾਂ, ਬੈਂਕਿੰਗ ਅਤੇ ਸਿਵਲ ਸੇਵਾਵਾਂ ਵਿੱਚ ਤਜਰਬਾ ਰੱਖਣ ਵਾਲੇ ਉੱਘੇ ਵਿਅਕਤੀਆਂ ਵਿੱਚੋਂ ਨਿਯੁਕਤ ਕੀਤੇ ਜਾਣਗੇ:

ਪਰੰਤੂ-

(i) ਚੇਅਰਮੈਨ ਅਤੇ ਮੈਂਬਰਾਂ ਵਜੋਂ ਨਿਯੁਕਤ ਕੀਤੇ ਗਏ ਵਿਅਕਤੀਆਂ ਦੀ ਉਮਰ ਪੈਂਹਠ ਸਾਲ ਤੋਂ ਵੱਧ ਨਹੀਂ ਹੋਵੇਗੀ;

(ii) ਉਹਨਾਂ ਨੂੰ ਤਿੰਨ ਸਾਲਾਂ ਦੀ ਮੁੱਦਤ ਲਈ ਨਿਯੁਕਤ ਕੀਤਾ ਜਾਵੇਗਾ; ਅਤੇ

(iii) ਉਹ ਮੁੜ-ਨਿਯੁਕਤੀ ਲਈ ਪਾਤਰ ਨਹੀਂ ਹੋਣਗੇ।

ਫੋਰਮ ਅਤੇ ਟ੍ਰਿਬਿਊਨਲ ਦਾ ਕਾਰਜ ਕਰਨਾ।

7. (1) ਫੋਰਮ ਜਾਂ ਟ੍ਰਿਬਿਊਨਲ ਦਾ ਕੋਰਮ ਚੇਅਰਮੈਨ ਸਮੇਤ ਦੋ ਮੈਂਬਰਾਂ ਦਾ ਹੋਵੇਗਾ।

(2) ਜਿੱਥੇ ਫੋਰਮ ਜਾਂ ਟ੍ਰਿਬਿਊਨਲ ਦੇ ਚੇਅਰਮੈਨ ਅਤੇ ਮੈਂਬਰ ਕਿਸੇ ਵੀ ਨੁਕਤੇ ਜਾਂ ਮੁੱਦੇ ਤੇ ਸਰਬ-ਸੰਮਤ ਨਹੀਂ ਹਨ, ਉੱਥੇ ਬਹੁ-ਸੰਮਤੀ ਦਾ ਫ਼ੈਸਲਾ ਪ੍ਰਬਲ ਹੋਵੇਗਾ।

8. ਫੋਰਮ ਜਾਂ ਟ੍ਰਿਬਿਊਨਲ ਦੇ ਕਿਸੇ ਵੀ ਕੰਮ ਨੂੰ ਕੇਵਲ ਇਸ ਕਾਰਨ ਕਰਕੇ ਨਾਜਾਇਜ਼ ਨਹੀਂ ਸਮਝਿਆ ਜਾਵੇਗਾ ਕਿ ਫੋਰਮ ਜਾਂ ਟ੍ਰਿਬਿਊਨਲ ਦੇ ਕਿਸੇ ਮੈਂਬਰ ਦੀ ਅਸਾਮੀ ਖ਼ਾਲੀ ਹੈ ਜਾਂ ਫੋਰਮ ਜਾਂ ਟ੍ਰਿਬਿਊਨਲ ਦੇ ਕਾਰਜ ਕਰਨ ਵਿੱਚ ਕੋਈ ਪ੍ਰਕਿਰਿਆਤਮਕ ਤਰੁੱਟੀ ਹੈ। ਫੋਰਮ ਜਾਂ ਟ੍ਰਿਬਿਊਨਲ ਦੇ ਕਾਰਜਾਂ ਦਾ ਕੁੱਝ ਕੁ ਤਰੁੱਟੀਆਂ ਦੁਆਰਾ ਨਾਜਾਇਜ਼ ਨ ਹੋਣਾ।

9. (1) ਇੱਕ ਰਿਣੀ ਜਾਂ ਉਸ ਦਾ ਕੋਈ ਵੀ ਲੈਣਦਾਰ ਉਸ ਫੋਰਮ ਨੂੰ ਜਿਸ ਦੀ ਅਧਿਕਾਰਤਾ ਦੇ ਅੰਦਰ ਰਿਣੀ ਰਹਿੰਦਾ ਹੈ ਜਾਂ ਕੋਈ ਵੀ ਭੋਂ ਧਾਰਨ ਕਰਦਾ ਹੈ, ਰਿਣੀ ਅਤੇ ਉਸ ਦੇ ਲੈਣਦਾਰ (ਰਾਂ) ਵਿਚਕਾਰ ਰਿਣ ਨੂੰ ਤੈਅ ਅਤੇ ਨਿਪਟਾਰਾ ਕਰਨ ਲਈ ਦਰਖ਼ਾਸਤ ਦੇ ਸਕਦਾ ਹੈ। ਰਿਣ ਤੈਅ ਕਰਨ ਅਤੇ ਨਿਪਟਾਰਾ ਕਰਨ ਲਈ ਦਰਖ਼ਾਸਤ।

(2) ਫੋਰਮ ਨੂੰ ਦਰਖ਼ਾਸਤ ਦਰਖ਼ਾਸਤਕਰਤਾ ਦੁਆਰਾ ਲਿਖਤੀ ਰੂਪ ਵਿੱਚ ਦਿੱਤੀ ਜਾਵੇਗੀ ਅਤੇ ਦਸਖ਼ਤ ਕੀਤੀ ਹੋਵੇਗੀ।

10. ਇਸ ਐਕਟ ਅਧੀਨ ਦਰਖ਼ਾਸਤ ਚੇਅਰਮੈਨ ਨੂੰ ਪੇਸ਼ ਕੀਤੀ ਜਾਵੇਗੀ ਅਤੇ ਇਸ ਵਿੱਚ ਹੇਠ-ਲਿਖੇ ਵੇਰਵੇ ਦਰਜ ਹੋਣਗੇ, ਅਰਥਾਤ:- ਦਰਖਾਸਤ ਦੇ ਵੇਰਵੇ।

(ੳ) ਰਿਣੀ ਦੇ ਮਾਮਲੇ ਵਿੱਚ-

(i) ਉਹ ਜਗ੍ਹਾ ਜਿੱਥੇ ਉਹ ਰਹਿੰਦਾ ਹੈ ਜਾਂ ਭੋਂ ਧਾਰਨ ਕਰਦਾ ਹੈ;

(ii) ਉਸ ਦੇ ਵਿਰੁੱਧ ਸਾਰੇ ਦਾਅਵਿਆਂ ਦੇ ਵੇਰਵੇ, ਉਸ ਦੇ ਲੈਣਦਾਰਾਂ ਦੇ ਨਾਂ ਅਤੇ ਰਿਹਾਇਸ਼ੀ ਸਥਾਨ ਸਹਿਤ;

(iii) ਇੱਕ ਬਿਆਨ ਕਿ ਉਸ ਦੇ ਰਿਣਾਂ ਦੀ ਕੁੱਲ ਰਕਮ ਪੰਦਰਾਂ ਲੱਖ ਰੁਪਏ ਤੋਂ ਵੱਧ ਨਹੀਂ ਹੈ;

(iv) ਇੱਕ ਬਿਆਨ ਕਿ ਕੀ ਉਸ ਨੇ ਪਹਿਲਾਂ ਫੋਰਮ ਦੇ ਅੱਗੇ ਉਸੇ ਰਿਣ ਦੇ ਬਾਰੇ ਵਿੱਚ ਦਰਖ਼ਾਸਤ ਦਾਇਰ ਕੀਤੀ ਹੈ ਅਤੇ ਜੇਕਰ ਇਸ ਤਰ੍ਹਾਂ ਹੈ, ਤਾਂ ਉਸ ਦਾ ਪਰਿਣਾਮ; ਅਤੇ

(v) ਦਰਖ਼ਾਸਤ ਦੇ ਆਧਾਰਾਂ ਅਤੇ ਦਾਅਵਾ ਕੀਤੀ ਗਈ ਰਾਹਤ ਦਾ ਬਿਆਨ, ਭਰੋਸਾ ਕੀਤੇ ਜਾਣ ਵਾਲੇ ਦਸਤਾਵੇਜ਼ਾਂ ਦੀਆਂ ਨਕਲਾਂ ਸਮੇਤ; ਅਤੇ

(ਅ) ਲੈਣਦਾਰ (ਰਾਂ) ਦੇ ਮਾਮਲੇ ਵਿੱਚ-

(i) ਉਹ ਜਗ੍ਹਾ ਜਿੱਥੇ ਰਿਣੀ ਰਹਿੰਦਾ ਹੈ ਜਾਂ ਭੋਂ ਧਾਰਨ ਕਰਦਾ ਹੈ;

(ii) ਅਜਿਹੇ ਰਿਣੀ ਦੇ ਵਿਰੁੱਧ ਉਸ ਦੇ ਦਾਅਵੇ ਦੀ ਰਕਮ ਅਤੇ ਵੇਰਵੇ; ਅਤੇ

(iii) ਦਰਖ਼ਾਸਤ ਦੇ ਆਧਾਰਾਂ ਅਤੇ ਦਾਅਵਾ ਕੀਤੀ ਗਈ ਰਾਹਤ ਦਾ ਬਿਆਨ, ਭਰੋਸਾ ਕੀਤੇ ਜਾਣ ਵਾਲੇ ਦਸਤਾਵੇਜ਼ਾਂ ਦੀਆਂ ਨਕਲਾਂ ਸਮੇਤ।

ਦਰਖ਼ਾਸਤ ਦੀ ਪ੍ਰਾਪਤੀ ਤੇ ਜ਼ਾਬਤਾ।

11. (1) ਧਾਰਾ 9 ਅਧੀਨ ਦਰਖ਼ਾਸਤ ਪ੍ਰਾਪਤ ਹੋਣ ਤੇ, ਫੋਰਮ ਦਰਖ਼ਾਸਤ ਦੀ ਸੁਣਵਾਈ ਲਈ ਇੱਕ ਤਰੀਕ ਅਤੇ ਸਥਾਨ ਨਿਯਤ ਕਰਦੇ ਹੋਏ ਇੱਕ ਹੁਕਮ ਪਾਸ ਕਰੇਗਾ।

(2) ਫੋਰਮ ਦਰਖ਼ਾਸਤ ਤੇ ਆਪਣੇ ਅੰਤਿਮ ਫ਼ੈਸਲੇ ਤੱਕ, ਅਜਿਹਾ ਦਰਮਿਆਨੀ ਹੁਕਮ, ਜਿਸ ਵਿੱਚ ਰਿਣ ਦੀ ਵਸੂਲੀ ਨੂੰ ਨਿਲੰਬਤ ਰੱਖਣ ਦਾ ਹੁਕਮ ਸ਼ਾਮਲ ਹੈ, ਦੇ ਸਕਦਾ ਹੈ, ਜਿਵੇਂ ਇਹ ਨਿਆਂ ਦੇ ਹਿੱਤ ਵਿੱਚ ਜ਼ਰੂਰੀ ਸਮਝੇ।

ਲੈਣਦਾਰ ਨੂੰ ਬਿਆਨ ਪੇਸ਼ ਕਰਨ ਲਈ ਕਹਿਣ ਵਾਲਾ ਨੋਟਿਸ।

12. (1) ਧਾਰਾ 11 ਦੀ ਉਪ-ਧਾਰਾ (1) ਅਧੀਨ ਨਿਯਤ ਕੀਤੀ ਗਈ ਤਰੀਕ ਤੇ ਫੋਰਮ ਰਿਣੀ ਦੇ ਲੈਣਦਾਰ ਨੂੰ ਉਸ ਰਿਣੀ ਦੁਆਰਾ ਅਜਿਹੇ ਲੈਣਦਾਰ ਨੂੰ ਦੇਣਯੋਗ ਰਿਣ ਦਾ ਬਿਆਨ ਪੇਸ਼ ਕਰਨ ਲਈ ਨੋਟਿਸ ਜਾਰੀ ਕਰੇਗਾ। ਅਜਿਹਾ ਬਿਆਨ ਦੋ ਹਫ਼ਤਿਆਂ ਦੀ ਮੁੱਦਤ ਦੇ ਅੰਦਰ ਰਿਣੀ ਦੇ ਖਾਤੇ ਵਿੱਚ ਨਾਵੇਂ ਖਾਤੇ ਪਾਉਣ ਅਤੇ ਜਮ੍ਹਾਂ ਕਰਨ ਦੇ ਹਰੇਕ ਵਿਹਾਰ ਦੇ ਵੇਰਵੇ ਦਿੰਦੇ ਹੋਏ, ਉਸ ਦੇ ਦਾਅਵੇ ਦੇ ਸਮਰਥਨ ਵਿੱਚ ਭਰੋਸਾ ਕੀਤੇ ਜਾਣ ਵਾਲੇ ਦਸਤਾਵੇਜ਼ਾਂ ਦੀਆਂ ਨਕਲਾਂ ਸਮੇਤ ਲਿਖਤੀ ਰੂਪ ਵਿੱਚ ਪੇਸ਼ ਕੀਤਾ ਜਾਵੇਗਾ:

ਪਰੰਤੂ ਫੋਰਮ ਲਿਖਤੀ ਰੂਪ ਵਿੱਚ ਕਲਮਬੰਦ ਕਾਰਨਾਂ ਕਰਕੇ ਰਿਣਾਂ ਦੇ ਵਿਵਰਣ ਪੇਸ਼ ਕਰਨ ਲਈ ਇਸ ਮੁੱਦਤ ਨੂੰ ਇੱਕ ਮਹੀਨੇ ਤੱਕ ਵਧਾ ਸਕਦਾ ਹੈ:

ਪਰੰਤੂ ਅੱਗੇ ਹੋਰ ਕਿ ਇੱਕ ਮਹੀਨੇ ਦੀ ਮੁੱਦਤ ਤੋਂ ਵੱਧ ਦੇ ਵਾਧੇ ਲਈ, ਲੈਣਦਾਰ ਉਸ ਮੁੱਦਤ ਲਈ ਕੋਈ ਵਿਆਜ਼ ਪ੍ਰਾਪਤ ਕਰਨ ਦਾ ਹੱਕਦਾਰ ਨਹੀਂ ਹੋਵੇਗਾ ਅਤੇ ਕਰਜ਼ੇ ਦੀ ਵਸੂਲੀ ਨੂੰ ਰਿਣ ਦੇ ਨਿਪਟਾਰੇ ਤੱਕ ਰੋਕ ਦਿੱਤਾ ਜਾਵੇਗਾ।

(2) ਕਿਸੇ ਅਜਿਹੇ ਲੈਣਦਾਰ ਨੂੰ ਦੇਣਯੋਗ ਹਰੇਕ ਰਿਣ ਜਿਸ ਦਾ ਕੋਈ ਬਿਆਨ ਉਪ-ਧਾਰਾ (1) ਦੇ ਉਪਬੰਧਾਂ ਦੀ ਪਾਲਣਾ ਵਿੱਚ ਫੋਰਮ ਨੂੰ ਪੇਸ਼ ਨਹੀਂ ਕੀਤਾ ਗਿਆ ਹੈ, ਅਜਿਹੇ ਲੈਣਦਾਰ ਦੇ ਵਿਰੁੱਧ ਸਾਰੇ ਪ੍ਰਯੋਜਨਾਂ ਅਤੇ ਸਾਰੇ ਮੌਕਿਆਂ ਲਈ ਠੀਕ ਤੌਰ ਤੇ ਨਿਸਤਾਰਾ ਹੋਇਆ ਸਮਝਿਆ ਜਾਵੇਗਾ, ਅਤੇ ਦੋ ਜਾਂ ਦੋ ਤੋਂ ਵੱਧ ਲੈਣਦਾਰਾਂ ਨੂੰ ਸਾਂਝੇ ਤੌਰ ਤੇ ਦੇਣਯੋਗ ਹਰੇਕ ਰਿਣ, ਜਿਸ ਦੇ ਸਬੰਧ ਵਿੱਚ ਅਜਿਹੇ ਸਾਰੇ ਲੈਣਦਾਰਾਂ ਜਾਂ ਉਹਨਾਂ ਦੇ ਮਾਨਤਾ ਪ੍ਰਾਪਤ ਏਜੰਟਾਂ ਦੁਆਰਾ ਦਸਖ਼ਤ ਕੀਤੇ ਬਿਆਨ ਜਾਂ ਬਿਆਨ ਇਸ ਤਰ੍ਹਾਂ ਪੇਸ਼ ਕੀਤੇ ਗਏ ਹਨ ਜਾਂ ਨਹੀਂ ਕੀਤੇ ਗਏ ਹਨ, ਉਨ੍ਹਾਂ ਲੈਣਦਾਰਾਂ ਦੇ ਵਿਰੁੱਧ ਇਸ ਤਰ੍ਹਾਂ ਮੁਕਤ ਹੋਇਆ ਸਮਝਿਆ ਜਾਵੇਗਾ ਜੋ ਉਕਤ ਬਿਆਨ ਪੇਸ਼ ਕਰਨ ਵਿੱਚ ਅਸਫ਼ਲ ਰਹੇ ਹਨ, ਪਰ ਇਹ ਕੇਵਲ ਉਕਤ ਰਿਣ ਵਿੱਚ ਉਹਨਾਂ ਦੇ ਸਬੰਧਤ ਹਿੱਸੇ ਦੀ ਹੱਦ ਤੱਕ ਹੀ ਹੋਵੇਗਾ:

ਪਰੰਤੂ ਅਜਿਹਾ ਰਿਣ ਕਿਸੇ ਅਜਿਹੇ ਲੈਣਦਾਰ ਵਿਰੁੱਧ ਨਿਸਤਾਰਾ ਨਹੀਂ ਕੀਤਾ ਗਿਆ ਸਮਝਿਆ ਜਾਵੇਗਾ ਜਿਸ ਦਾ ਨਾਂ ਧਾਰਾ 9 ਅਧੀਨ ਕੀਤੀ ਗਈ ਦਰਖ਼ਾਸਤ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ।

(3) ਜੇ ਕੋਈ ਰਿਣੀ ਜਾਂ ਲੈਣਦਾਰ ਬਣਦੀ ਤਾਮੀਲ ਤੋਂ ਬਾਅਦ ਕਾਫ਼ੀ ਕਾਰਨ ਤੋਂ ਬਿਨਾਂ ਫੋਰਮ ਦੇ ਸਾਹਮਣੇ ਪੇਸ਼ ਹੋਣ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਫੋਰਮ ਰਿਣ ਨੂੰ ਨਿਰਧਾਰਤ ਅਤੇ ਨਿਪਟਾਰਾ ਕਰਨ ਲਈ ਇੱਕ ਤਰਫ਼ਾ ਕਾਰਵਾਈ ਕਰੇਗਾ।

ਰਿਣਾਂ ਦੇ ਬਿਆਨ ਪੇਸ਼ ਕਰਨ ਤੇ ਜ਼ਾਬਤਾ।

13. (1) ਧਾਰਾ 12 ਦੀ ਉਪ-ਧਾਰਾ (1) ਅਧੀਨ ਜਾਰੀ ਕੀਤੇ ਗਏ ਨੋਟਿਸ ਦੀ ਪਾਲਣਾ ਵਿੱਚ, ਉਸ ਨੂੰ ਦੇਣਯੋਗ ਰਿਣਾਂ ਦਾ ਬਿਆਨ ਪੇਸ਼ ਕਰਨ ਵਾਲਾ ਹਰੇਕ ਲੈਣਦਾਰ ਬਿਆਨ ਦੇ ਨਾਲ, ਅਜਿਹੇ ਸਾਰੇ ਰਿਣਾਂ ਦੇ ਪੂਰੇ ਵੇਰਵੇ ਦੇਵੇਗਾ, ਅਤੇ ਉਸੇ ਸਮੇਂ, ਸਾਰੇ ਦਸਤਾਵੇਜ਼ (ਲੇਖੇ ਦੀਆਂ ਵਹੀਆਂ ਦੇ ਇੰਦਰਾਜਾਂ ਸਮੇਤ) ਜਿਨ੍ਹਾਂ ਤੇ ਉਹ ਆਪਣੇ ਦਾਅਵਿਆਂ ਦਾ ਸਮਰਥਨ ਕਰਨ ਲਈ ਭਰੋਸਾ ਕਰਦਾ ਹੈ, ਅਜਿਹੇ ਹਰੇਕ ਦਸਤਾਵੇਜ਼ ਦੀ ਇੱਕ ਨਕਲ ਸਹਿਤ, ਪੇਸ਼ ਕਰੇਗਾ।

(2) ਉਪ-ਧਾਰਾ (1) ਅਧੀਨ ਪੇਸ਼ ਕੀਤੇ ਗਏ ਦਸਤਾਵੇਜ਼ਾਂ ਦੀ ਮੌਲਿਕਤਾ ਅਤੇ ਦਰੁੱਸਤੀ ਨੂੰ ਨਿਸ਼ਚਿਤ ਕਰਨ ਦੀ ਦ੍ਰਿਸ਼ਟੀ ਨਾਲ, ਫੋਰਮ ਇਸ ਦੀ ਪੂਰੀ ਤਰ੍ਹਾਂ ਤਸਦੀਕ ਕਰੇਗਾ ਅਤੇ ਉਸ ਨੂੰ ਨਿਸ਼ਚਿਤ ਕਰਨ ਤੋਂ ਪਿੱਛੋਂ, ਉਹ ਅਜਿਹੇ ਦਸਤਾਵੇਜ਼ਾਂ ਦੀਆਂ ਨਕਲਾਂ ਆਪਣੇ ਕੋਲ ਰੱਖੇਗਾ ਅਤੇ ਮੂਲ ਲੈਣਦਾਰ ਨੂੰ ਵਾਪਸ ਕਰੇਗਾ।

ਫੋਰਮ ਦੀ ਨਿਆਂ-ਨਿਰਣਿਤ ਕਰਨ ਦੀ ਸ਼ਕਤੀ।

14. (1) ਜੇ ਕੋਈ ਲੈਣਦਾਰ ਜਾਂ ਰਿਣੀ, ਜਿਹੀ ਕਿ ਸੂਰਤ ਹੋਵੇ, ਦਰਖ਼ਾਸਤ ਵਿੱਚ ਸ਼ਾਮਲ ਕਿਸੇ ਰਿਣ ਦੇ ਅਸਲੀ ਹੋਣ ਜਾਂ ਨਾਫ਼ਜ਼ ਕਰਨਯੋਗਤਾ ਜਾਂ ਰਿਣ ਦੀ ਕੁੱਲ ਰਕਮ ਜਾਂ ਮੂਲਧਨ ਜਾਂ ਵਿਆਜ਼ ਦੀ ਦਰ ਜਾਂ ਵਿਆਜ਼ ਦੀ ਰਕਮ ਜਾਂ ਕੋਈ ਰਿਣ ਲੈਣ ਦੀ ਤਰੀਕ ਨੂੰ ਚੁਣੌਤੀ ਦਿੰਦਾ ਹੈ, ਤਾਂ ਫੋਰਮ ਉਸ ਮੁੱਦੇ ਨੂੰ ਨਿਆਂ ਨਿਰਣਿਤ ਕਰੇਗੀ।

(2) ਫੋਰਮ ਹਰੇਕ ਰਿਣ ਦੇ ਮਾਮਲੇ ਵਿੱਚ, ਜੋ ਰਿਣੀ ਜਾਂ ਉਸ ਦੇ ਲੈਣਦਾਰ ਦੁਆਰਾ ਧਾਰਾ 9 ਅਧੀਨ ਕੀਤੀ ਗਈ ਦਰਖ਼ਾਸਤ ਵਿੱਚ ਜਾਂ ਧਾਰਾ 12 ਅਧੀਨ ਲੈਣਦਾਰ ਦੁਆਰਾ ਦਿੱਤੇ ਗਏ ਬਿਆਨ ਵਿੱਚ ਦਿਖਾਇਆ ਗਿਆ ਹੈ, ਗੈਰ-ਅਸਲੀ ਜਾਂ ਨਾਫ਼ਜ਼ ਨਾ-ਕਰਨ ਯੋਗ ਘੋਸ਼ਿਤ ਕੀਤੇ ਗਏ ਰਿਣ ਤੋਂ ਬਿਨ੍ਹਾਂ, ਮੂਲ ਰੂਪ ਵਿੱਚ ਦਿੱਤੀ ਗਈ ਮੂਲ ਰਕਮ, ਮੂਲਧਨ ਜਾਂ ਵਿਆਜ਼ ਜਾਂ ਦੋਵਾਂ ਲਈ ਰਿਣੀ ਦੁਆਰਾ ਅਦਾ ਕੀਤੀ ਗਈ ਰਕਮ ਅਤੇ ਇਸ ਐਕਟ ਅਧੀਨ ਅਧਿਸੂਚਿਤ ਕੀਤੇ ਅਨੁਸਾਰ ਅਦਾਇਗੀਯੋਗ ਮੂਲਧਨ ਅਤੇ ਵਿਆਜ਼ ਦੀ ਰਕਮ ਤੈਅ ਕਰੇਗਾ।

(3) ਫੋਰਮ ਧਾਰਾ 9 ਅਧੀਨ ਪੇਸ਼ ਕੀਤੀ ਗਈ ਹਰੇਕ ਦਰਖ਼ਾਸਤ ਦਾ ਫ਼ੈਸਲਾ, ਦਰਖ਼ਾਸਤ ਦੀ ਤਰੀਕ ਤੋਂ ਤਿੰਨ ਮਹੀਨਿਆਂ ਦੀ ਮੁੱਦਤ ਦੇ ਅੰਦਰ ਕਰੇਗਾ।

(4) ਜਿੱਥੇ ਇਹ ਪਾਇਆ ਜਾਂਦਾ ਹੈ ਕਿ ਰਿਣੀ ਨੇ ਲੈਣਦਾਰ ਨੂੰ ਮੂਲ ਰਕਮ ਦੇ ਦੁੱਗਣੇ ਦੇ ਬਰਾਬਰ ਜਾਂ ਇਸ ਤੋਂ ਵੱਧ ਰਕਮ ਮੁੜ-ਅਦਾ ਕਰ ਦਿੱਤੀ ਹੈ, ਜਾਂ ਅਜਿਹੇ ਸਿੱਟੇ ਬਾਰੇ ਜਾਣੂ ਕਰਵਾਏ ਜਾਣ 'ਤੇ, ਰਿਣੀ ਕੋਈ ਅਜਿਹੀ ਰਕਮ ਅਦਾ ਕਰਦਾ ਹੈ, ਜਿਸ ਨਾਲ ਕੁੱਲ ਮੁੜ-ਅਦਾਇਗੀ ਮੂਲ ਰਕਮ ਦੇ ਦੁੱਗਣੇ ਦੇ ਬਰਾਬਰ ਹੋ ਜਾਂਦੀ ਹੈ, ਤਾਂ ਫੋਰਮ ਉਸ ਰਿਣ ਨੂੰ ਪੂਰਨ ਨਿਸਤਾਰਾ ਹੋਇਆ ਘੋਸ਼ਿਤ ਕਰੇਗਾ ਅਤੇ ਉਸ ਤੋਂ ਬਾਅਦ ਧਾਰਾ 3 ਦੇ ਖੰਡ (ਅ) ਦੇ ਉਪਬੰਧ ਲਾਗੂ ਹੋਣਗੇ।

(5) ਫੋਰਮ ਉਪ-ਧਾਰਾ (2) ਅਧੀਨ ਨਿਰਧਾਰਤ ਕੀਤੇ ਗਏ ਮੂਲਧਨ ਅਤੇ ਵਿਆਜ਼ ਦੀ ਬਕਾਇਆ ਰਕਮ, ਅਤੇ ਰਿਣੀ ਦੀ ਅਦਾ ਕਰਨ ਦੀ ਸਮਰੱਥਾ ਨੂੰ ਧਿਆਨ ਵਿੱਚ ਰੱਖਦੇ ਹੋਏ, ਨਿਰਧਾਰਤ ਜਾਂ ਨਿਸ਼ਚਿਤ ਕੀਤੀ ਗਈ ਰਿਣ ਦੀ ਰਕਮ ਦੀ ਅਜਿਹੀਆਂ ਕਿਸ਼ਤਾਂ ਵਿੱਚ ਮੁੜ-ਅਦਾਇਗੀ ਦਾ ਹੁਕਮ ਦੇਵੇਗਾ, ਜਿਵੇਂ ਇਹ ਢੁੱਕਵਾਂ ਸਮਝੇ।

(6) ਜੇ ਫੋਰਮ ਨੂੰ ਪਤਾ ਲਗਦਾ ਹੈ ਕਿ ਲੈਣਦਾਰ ਦੁਆਰਾ ਪੰਜਾਬ ਲੇਖੇ ਵਿਨਿਯਮ ਐਕਟ, 1930 ਦੇ ਉਪਬੰਧਾਂ ਦੀ ਪਾਲਣਾ ਨਹੀਂ ਕੀਤੀ ਗਈ ਹੈ, ਤਾਂ ਇਹ, ਲਿਖਤੀ ਰੂਪ ਵਿੱਚ ਕਲਮਬੰਦ ਕੀਤੇ ਜਾਣ ਵਾਲੇ ਕਾਰਨਾਂ ਕਰਕੇ, ਗੈਰ-ਪਾਲਣਾ ਦੀ ਮੁੱਦਤ ਲਈ ਵਿਆਜ਼ ਨੂੰ ਅੰਸ਼ਕ ਤੌਰ ਤੇ ਜਾਂ ਪੂਰਨ ਤੌਰ ਤੇ ਨਾ-ਮਨਜ਼ੂਰ ਕਰ ਸਕਦਾ ਹੈ। ਲੈਣਦਾਰ ਰਿਣੀ ਨੂੰ ਇੱਕ ਯਥਾਯੋਗ ਪ੍ਰਮਾਣਿਕ ਪਾਸਬੁੱਕ ਜਾਰੀ ਕਰੇਗਾ ਜਿਸ ਵਿੱਚ ਉਸ ਦੇ ਕਰਜ਼ਾ ਲੇਖੇ ਦੇ ਵੇਰਵੇ ਸਪੱਸ਼ਟ ਤੌਰ ਤੇ ਦਿੱਤੇ ਜਾਣਗੇ।

ਫੋਰਮ ਅਤੇ ਟ੍ਰਿਬਿਊਨਲ ਦੀਆਂ ਤਲਬ ਕਰਨ ਦੀਆਂ ਸ਼ਕਤੀਆਂ।

15. ਫੋਰਮ ਅਤੇ ਟ੍ਰਿਬਿਊਨਲ, ਧਿਰਾਂ ਅਤੇ ਗਵਾਹਾਂ ਨੂੰ ਤਲਬ ਕਰਨ ਅਤੇ ਪਰਖ ਕਰਨ ਅਤੇ ਦਸਤਾਵੇਜ਼ ਪੇਸ਼ ਕਰਨ ਦੇ ਹਵਾਲੇ ਵਿੱਚ ਅਜਿਹੀਆਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਕਰ ਸਕਦੇ ਹਨ, ਜਿਵੇਂ ਜ਼ਾਬਤਾ ਦੀਵਾਨੀ ਸੰਘਤਾ, 1908 (1908 ਦਾ ਕੇਂਦਰੀ ਐਕਟ 5) ਦੁਆਰਾ ਦੀਵਾਨੀ ਅਦਾਲਤਾਂ ਨੂੰ ਪ੍ਰਦਾਨ ਕੀਤੀਆਂ ਗਈਆਂ ਹਨ ਅਤੇ ਫੋਰਮ ਅਤੇ ਟ੍ਰਿਬਿਊਨਲ ਦੇ ਅੱਗੇ ਹਰੇਕ ਕਾਰਵਾਈ ਨੂੰ ਨਿਆਂਇਕ ਕਾਰਵਾਈ ਸਮਝਿਆ ਜਾਵੇਗਾ।

ਲੈਣ-ਦੇਣ ਮੁੜ ਖੋਲ੍ਹਣਾ।

16. ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜੇ ਫੋਰਮ ਕੋਲ ਇਹ ਵਿਸ਼ਵਾਸ ਕਰਨ ਦਾ ਕਾਰਨ ਹੈ-

(ੳ) ਕਿ ਲੈਣਦਾਰ ਦੁਆਰਾ ਭਾਰਿਤ ਕੀਤਾ ਗਿਆ ਵਿਆਜ, ਬਹੁਤ ਜ਼ਿਆਦਾ ਹੈ; ਜਾਂ

(ਅ) ਕਿ ਇਸ ਨਾਲ ਸਬੰਧਤ ਧਿਰਾਂ ਵਿਚਕਾਰ ਲੈਣ-ਦੇਣ, ਸਾਰਵਾਨ ਤੌਰ ਤੇ ਅਣਉਚਿਤ ਸੀ;

ਤਾਂ ਫੋਰਮ ਹੇਠ-ਲਿਖੀਆਂ ਸਾਰੀਆਂ ਜਾਂ ਕਿਸੇ ਵੀ ਸ਼ਕਤੀਆਂ ਦੀ ਵਰਤੋਂ ਕਰੇਗਾ, ਅਰਥਾਤ:-

(i) ਲੈਣ-ਦੇਣ ਨੂੰ ਮੁੜ ਖੋਲ੍ਹਣਾ, ਧਿਰਾਂ ਵਿਚਕਾਰ ਲੇਖੇ ਦਾ ਹਿਸਾਬ ਲੈਣਾ ਅਤੇ ਰਿਣੀ ਨੂੰ ਕਿਸੇ ਵੀ ਵੱਧ ਵਿਆਜ਼ ਦੇ ਬਾਰੇ ਵਿੱਚ ਸਾਰੀਆਂ ਦੇਣਦਾਰੀਆਂ ਤੋਂ ਮੁਕਤ ਕਰਨਾ;

(ii) ਕਿਸੇ ਕਰਾਰ ਦੇ ਹੁੰਦਿਆਂ ਹੋਇਆਂ ਵੀ, ਪੂਰਵ-ਵਿਹਾਰ ਬੰਦ ਕਰਨ ਅਤੇ ਨਵੀਂ ਬਾਂਧ ਸਿਰਜਣ ਲਈ ਤਾਤਪਰਜਤ, ਉਹਨਾਂ ਵਿਚਕਾਰ ਪਹਿਲਾਂ ਤੋਂ ਲਏ ਗਏ ਕਿਸੇ ਵੀ ਲੇਖੇ ਨੂੰ ਮੁੜ ਖੋਲ੍ਹਣਾ ਅਤੇ ਕਿਸੇ ਵੱਧ ਵਿਆਜ਼ ਦੇ ਬਾਰੇ ਵਿੱਚ ਰਿਣੀ ਨੂੰ

ਸਾਰੀਆਂ ਦੇਣਦਾਰੀਆਂ ਤੋਂ ਮੁਕਤ ਕਰਨਾ, ਅਤੇ ਜੇ ਅਜਿਹੀਆਂ ਦੇਣਦਾਰੀਆਂ ਦੇ ਬਾਰੇ ਵਿੱਚ ਕੁੱਝ ਅਦਾ ਕੀਤਾ ਗਿਆ ਹੈ ਜਾਂ ਲੇਖੇ ਵਿੱਚ ਰੱਖਣ ਦੀ ਆਗਿਆ ਦਿੱਤੀ ਗਈ ਹੈ, ਤਾਂ ਫੋਰਮ ਲੈਣਦਾਰ ਨੂੰ ਕੋਈ ਵੀ ਰਕਮ ਮੁੜ ਅਦਾ ਕਰਨ ਦਾ ਹੁਕਮ ਦੇ ਸਕਦਾ ਹੈ, ਜਿਸ ਨੂੰ ਉਹ ਇਸ ਦੇ ਬਾਰੇ ਵਿੱਚ ਮੁੜ-ਅਦਾਇਗੀਯੋਗ ਸਮਝਦਾ ਹੈ; ਅਤੇ

(iii) ਕਿਸੇ ਕਰਜ਼ੇ ਦੇ ਬਾਰੇ ਵਿੱਚ ਦਿੱਤੀ ਗਈ ਕਿਸੇ ਜ਼ਮਾਨਤ ਜਾਂ ਕੀਤੇ ਗਏ ਕਰਾਰ ਨੂੰ ਜਾਂ ਤਾਂ ਪੂਰਨ ਤੌਰ ਤੇ ਜਾਂ ਅੰਸ਼ਕ ਤੌਰ ਤੇ ਰੱਦ ਕਰਨਾ ਜਾਂ ਸੁਧਾਈ ਕਰਨਾ ਜਾਂ ਬਦਲਣਾ, ਅਤੇ ਜੇ ਲੈਣਦਾਰ ਨੇ ਜ਼ਮਾਨਤ ਨੂੰ ਛੱਡ ਦਿੱਤਾ ਹੈ, ਤਾਂ ਫੋਰਮ ਉਸ ਨੂੰ ਹੁਕਮ ਦੇ ਸਕਦਾ ਹੈ ਕਿ ਉਹ ਰਿਣੀ ਨੂੰ ਅਜਿਹੇ ਤਰੀਕੇ ਨਾਲ ਅਤੇ ਅਜਿਹੀ ਹੱਦ ਤੱਕ ਹਾਨ-ਪੂਰਤੀ ਕਰੇ, ਜਿਵੇਂ ਇਹ ਉਚਿਤ ਅਤੇ ਸਹੀ ਸਮਝੇ:

ਪਰੰਤੂ, ਇਹਨਾਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਫੋਰਮ-

(i) ਪੂਰਵ-ਵਿਹਾਰਾਂ ਨੂੰ ਬੰਦ ਕਰਨ ਅਤੇ ਇੱਕ ਨਵੀਂ ਬਾਂਧ ਨੂੰ ਸਿਰਜਣ ਦੇ ਤਾਤਪਰਜਿਤ ਕਿਸੇ ਕਰਾਰ ਨੂੰ ਮੁੜ ਨਹੀਂ ਖੋਲ੍ਹੇਗਾ, ਜੋ ਧਿਰਾਂ ਜਾਂ ਕਿਸੇ ਵਿਅਕਤੀਆਂ ਦੁਆਰਾ ਜਿਨ੍ਹਾਂ ਤੋਂ ਉਹ ਅਜਿਹੀ ਤਰੀਕ ਤੇ ਦਾਅਵਾ ਕਰਦੇ ਹਨ, ਲੈਣ-ਦੇਣ ਦੀ ਤਰੀਕ ਤੋਂ ਪੰਜ ਸਾਲਾਂ ਤੋਂ ਵੱਧ ਸਮਾਂ ਪਹਿਲਾਂ ਕੀਤਾ ਗਿਆ ਹੋਵੇ; ਅਤੇ

(ii) ਅਜਿਹਾ ਕੁੱਝ ਨਹੀਂ ਕਰੇਗਾ ਜੋ ਇਸ ਐਕਟ ਦੇ ਅਰੰਭ ਹੋਣ ਤੋਂ ਪਹਿਲਾਂ ਪਾਸ ਕੀਤੇ ਗਏ ਕਿਸੇ ਦੀਵਾਨੀ ਅਦਾਲਤ ਦੀ ਡਿਗਰੀ ਨੂੰ ਪ੍ਰਭਾਵਤ ਕਰਦਾ ਹੋਵੇ।

ਵਿਆਖਿਆ:

(1) ਲੈਣ-ਦੇਣ ਦੀ ਇੱਕ ਲੜੀ ਤੇ ਲਿਆਂਦੀ ਗਈ ਦਰਖ਼ਾਸਤ ਦੀ ਸੂਰਤ ਵਿੱਚ, "ਲੈਣ-ਦੇਣ" ਪਦ ਦਾ ਮਤਲਬ ਹੈ ਪਰੰਤੁਕ ਦੇ ਖੰਡ (ਘ) ਦੇ ਪ੍ਰਯੋਜਨ ਲਈ, ਅਜਿਹੇ ਲੈਣ-ਦੇਣ ਵਿੱਚੋਂ ਪਹਿਲਾ।

(2) ਵਿਆਜ਼ ਨੂੰ ਬਹੁਤ ਜ਼ਿਆਦਾ ਸਮਝਿਆ ਜਾਵੇਗਾ ਜੇ ਇਹ, ਇਸ ਐਕਟ ਅਧੀਨ ਅਧਿਸੂਚਿਤ ਕੀਤੀ ਗਈ ਵਿਆਜ਼ ਦਰ ਤੋਂ ਵੱਧ ਜਾਂਦਾ ਹੈ।

ਕ੍ਰਮਵਰਤੀ ਦਰਖ਼ਾਸਤ ਤੇ ਰੋਕ।

17. ਜੇ ਇੱਕ ਵਾਰ ਦਰਖ਼ਾਸਤ ਦਾ ਨਿਪਟਾਰਾ ਹੋ ਗਿਆ ਹੋਵੇ, ਤਾਂ ਫੋਰਮ ਉਨ੍ਹਾਂ ਧਿਰਾਂ ਵਿਚਕਾਰ ਕਾਰਵਾਈ ਦੇ ਉਸੇ ਕਾਰਨ ਲਈ ਉੱਤਰਵਰਤੀ ਦਰਖ਼ਾਸਤ ਗ੍ਰਹਿਣ ਨਹੀਂ ਕਰੇਗਾ।

ਫੋਰਮ ਦਾ ਫ਼ੈਸਲਾ ਅੰਤਿਮ ਹੋਣਾ।

18. ਜੇ ਇਸ ਐਕਟ ਅਧੀਨ ਕਿਸੇ ਕਾਰਵਾਈ ਵਿੱਚ ਕੋਈ ਸਵਾਲ ਪੈਦਾ ਹੁੰਦਾ ਹੈ ਕਿ ਕੀ ਕਰਜ਼ਾ, ਜਾਂ ਦੇਣਦਾਰੀ ਇੱਕ ਰਿਣ ਹੈ ਜਾਂ ਨਹੀਂ, ਜਾਂ ਕੀ ਕੋਈ ਵਿਅਕਤੀ ਰਿਣੀ ਹੈ ਜਾਂ ਨਹੀਂ, ਤਾਂ ਫੋਰਮ ਦਾ ਫ਼ੈਸਲਾ ਅੰਤਿਮ ਹੋਵੇਗਾ, ਅਤੇ ਕਿਸੇ ਦੀਵਾਨੀ ਅਦਾਲਤ ਵਿੱਚ ਇਸ ਤੇ ਉਜ਼ਰ ਨਹੀਂ ਕੀਤਾ ਜਾਵੇਗਾ।

ਦੀਵਾਨੀ ਦਾਵਿਆਂ ਤੇ ਰੋਕ।

19. ਕੋਈ ਦੀਵਾਨੀ ਅਦਾਲਤ:-

(ੳ) ਕਿਸੇ ਦਾਵੇ, ਅਪੀਲ ਜਾਂ ਸੁਧਾਈ ਲਈ ਦਰਖ਼ਾਸਤ-

(i) ਇਸ ਐਕਟ ਦੇ ਅਧੀਨ ਕੀਤੇ ਗਏ ਕਿਸੇ ਹੁਕਮ ਜਾਂ ਐਵਾਰਡ ਦੇ ਕਿਸੇ ਜ਼ਾਬਤੇ ਦੀ ਜਾਇਜ਼ਤਾ ਜਾਂ ਕਾਨੂੰਨਤਾ ਤੇ ਸਵਾਲ ਕਰਨ ਲਈ; ਜਾਂ

(ii) ਇਸ ਐਕਟ ਦੇ ਉਪਬੰਧਾਂ ਅਧੀਨ, ਕਿਸੇ ਵੀ ਰਿਣ ਦੀ ਵਸੂਲੀ ਕਰਨ ਲਈ, ਜਿਸ ਨੂੰ ਠੀਕ ਤਰ੍ਹਾਂ ਨਿਸਤਾਰਾ ਕੀਤਾ ਗਿਆ ਸਮਝਿਆ ਜਾਂਦਾ ਹੈ; ਜਾਂ

(ਅ) ਫੋਰਮ ਦੇ ਅੱਗੇ ਇਸ ਐਕਟ ਅਧੀਨ ਕਿਸੇ ਕਾਰਵਾਈ ਨੂੰ ਪ੍ਰਭਾਵਤ ਕਰਨ ਵਾਲੇ ਕਿਸੇ ਕਰਾਰ ਦਿਵਾਉਣ ਲਈ ਦਾਵੇ, ਜਾਂ ਕਿਸੇ ਦਾਵੇ ਜਾਂ ਮਨਾਹੀ ਹੁਕਮ ਲਈ ਦਰਖ਼ਾਸਤ, ਨੂੰ ਗ੍ਰਹਿਣ ਨਹੀਂ ਕਰੇਗੀ।

ਨਜ਼ਰਸਾਨੀ।

20. (1) ਕੋਈ ਵਿਅਕਤੀ, ਜੋ ਸ਼ਹਾਦਤ ਦੇ ਕਿਸੇ ਨਵੇਂ ਅਤੇ ਮਹੱਤਵਪੂਰਨ ਤੱਥ ਦਾ ਪਤਾ ਲੱਗਣ ਤੋਂ ਪਿੱਛੋਂ, ਜੋ ਯੋਗ ਤਨਦਿਹੀ ਦੀ ਵਰਤੋਂ ਤੋਂ ਪਿੱਛੋਂ, ਉਸ ਦੇ ਗਿਆਨ ਵਿੱਚ ਨਹੀਂ ਸੀ ਜਾਂ ਫੋਰਮ ਦੁਆਰਾ ਹੁਕਮ ਕੀਤੇ ਜਾਣ ਦੇ ਸਮੇਂ ਜਾਂ ਉਸ ਤੋਂ ਪਹਿਲਾਂ ਉਸ ਦੁਆਰਾ ਪੇਸ਼ ਨਹੀਂ ਕੀਤਾ ਜਾ ਸਕਿਆ ਸੀ, ਜਾਂ ਰਿਕਾਰਡ ਵੇਖਣ ਤੋਂ ਹੀ ਜ਼ਾਹਰ ਕਿਸੇ ਭੁੱਲ ਜਾਂ ਗਲਤੀ ਕਾਰਨ, ਜਾਂ ਕਿਸੇ ਹੋਰ ਕਾਫ਼ੀ ਕਾਰਨ ਕਰਕੇ, ਅਜਿਹੇ ਹੁਕਮ ਦੀ ਨਜ਼ਰਸਾਨੀ ਕਰਾਉਣਾ ਚਾਹੁੰਦਾ ਹੈ, ਤਾਂ ਉਹ ਅਜਿਹੇ ਹੁਕਮਾਂ ਦੀ ਨਜ਼ਰਸਾਨੀ ਲਈ ਫੋਰਮ ਨੂੰ ਦਰਖ਼ਾਸਤ ਪੇਸ਼ ਕਰ ਸਕੇਗਾ।

(2) ਉਪ-ਧਾਰਾ (1) ਅਧੀਨ ਦਰਖ਼ਾਸਤ ਪ੍ਰਾਪਤ ਹੋਣ ਤੇ, ਫੋਰਮ, ਜੇ ਕੋਈ ਅਪੀਲ ਦਾਇਰ ਨਹੀਂ ਕੀਤੀ ਗਈ ਹੈ, ਆਪਣੇ ਹੁਕਮ ਦੀ ਨਜ਼ਰਸਾਨੀ ਕਰਕੇ, ਅਜਿਹੇ ਹੁਕਮ ਪਾਸ ਕਰ ਸਕੇਗਾ, ਜੋ ਉਹ ਮੁਨਾਸਬ ਸਮਝੇ:

ਪਰੰਤੂ ਫੋਰਮ ਕਿਸੇ ਧਿਰ ਨੂੰ ਸੁਣਵਾਈ ਦਾ ਮੌਕਾ ਦਿੱਤੇ ਬਿਨਾਂ ਅਜਿਹਾ ਕੋਈ ਹੁਕਮ ਪਾਸ ਨਹੀਂ ਕਰੇਗਾ ਜੋ ਕਿਸੇ ਧਿਰ ਨੂੰ ਪ੍ਰਤੀਕੂਲ ਤੌਰ ਤੇ ਪ੍ਰਭਾਵਤ ਕਰਦਾ ਹੈ:

ਪਰੰਤੂ ਇਹ ਹੋਰ ਕਿ ਨਜ਼ਰਸਾਨੀ ਲਈ ਕੋਈ ਦਰਖ਼ਾਸਤ ਗ੍ਰਹਿਣ ਨਹੀਂ ਕੀਤੀ ਜਾਵੇਗੀ, ਜੇ ਇਹ ਉਸ ਹੁਕਮ ਨੂੰ ਪਾਸ ਕਰਨ ਦੀ ਤਰੀਕ ਤੋਂ ਸੱਠ ਦਿਨਾਂ ਤੋਂ ਵੱਧ ਸਮੇਂ ਬਾਅਦ ਪੇਸ਼ ਕੀਤੀ ਜਾਂਦੀ ਹੈ, ਜਿਸ ਦੀ ਨਜ਼ਰਸਾਨੀ ਕਰਨੀ ਚਾਹੀ ਗਈ ਹੈ।

**ਅਪੀਲ।**

21. (1) ਧਾਰਾ 14 ਅਧੀਨ ਫੋਰਮ ਦੇ ਹੁਕਮ ਤੋਂ ਦੁਖਿਤ ਕੋਈ ਵਿਅਕਤੀ, ਹੁਕਮ ਦੀ ਨਕਲ ਪ੍ਰਾਪਤ ਹੋਣ ਦੀ ਤਰੀਕ ਤੋਂ ਸੱਠ ਦਿਨਾਂ ਦੀ ਮੁੱਦਤ ਅੰਦਰ ਟ੍ਰਿਬਿਊਨਲ ਅੱਗੇ ਅਪੀਲ ਦਾਇਰ ਕਰ ਸਕੇਗਾ।

ਹਾਲਾਂਕਿ, ਫੋਰਮ ਦੁਆਰਾ ਨਜ਼ਰਸਾਨੀ ਦਰਖ਼ਾਸਤ ਤੇ ਪਾਸ ਕੀਤੇ ਗਏ ਹੁਕਮ ਦੇ ਵਿਰੁੱਧ ਅਪੀਲ ਨਹੀਂ ਹੋਵੇਗੀ ਜਿਸ ਵਿੱਚ ਮੂਲ ਹੁਕਮ ਨੂੰ ਰੂਪਭੇਦ ਨਹੀਂ ਕੀਤਾ ਗਿਆ ਹੈ ਅਤੇ ਨਜ਼ਰਸਾਨੀ ਦਰਖ਼ਾਸਤ ਤੇ ਫੋਰਮ ਦੇ ਹੁਕਮ ਤੋਂ ਦੁਖਿਤ ਵਿਅਕਤੀ ਅਜਿਹੇ ਹੁਕਮ ਦੀ ਨਕਲ ਪ੍ਰਾਪਤ ਹੋਣ ਦੀ ਤਰੀਕ ਤੋਂ ਸੱਠ ਦਿਨਾਂ ਦੀ ਮੁੱਦਤ ਅੰਦਰ ਕਾਨੂੰਨ ਦੇ ਸਵਾਲ ਤੇ ਉੱਚ ਅਦਾਲਤ ਵਿੱਚ ਅਪੀਲ ਦਾਇਰ ਕਰ ਸਕੇਗਾ।

(2) ਟ੍ਰਿਬਿਊਨਲ ਦੇ ਹੁਕਮ ਤੋਂ ਦੁਖਿਤ ਕੋਈ ਵਿਅਕਤੀ ਟ੍ਰਿਬਿਊਨਲ ਦੇ ਹੁਕਮ ਦੀ ਨਕਲ ਪ੍ਰਾਪਤ ਹੋਣ ਦੀ ਤਰੀਕ ਤੋਂ ਸੱਠ ਦਿਨਾਂ ਦੀ ਮੁੱਦਤ ਅੰਦਰ ਕਾਨੂੰਨ ਦੇ ਸਵਾਲ ਤੇ ਉੱਚ ਅਦਾਲਤ ਵਿੱਚ ਅਪੀਲ ਦਾਇਰ ਕਰ ਸਕੇਗਾ।

**ਧਿਰ ਦਾ ਪੇਸ਼ ਹੋਣਾ।**

22. ਇਸ ਐਕਟ ਅਧੀਨ ਕਿਸੇ ਕਾਰਵਾਈ ਵਿੱਚ, ਇੱਕ ਧਿਰ ਨਿੱਜੀ ਰੂਪ ਵਿੱਚ ਜਾਂ ਲਿਖਤੀ ਰੂਪ ਵਿੱਚ ਠੀਕ ਤੌਰ ਤੇ ਅਖ਼ਤਿਆਰਤ ਕਿਸੇ ਹੋਰ ਵਿਅਕਤੀ ਰਾਹੀਂ ਪੇਸ਼ ਹੋ ਸਕੇਗੀ।

**ਨਵੇਂ ਦਾਵਿਆਂ ਤੇ ਰੋਕ ਅਤੇ ਲੰਬਿਤ ਦਾਵਿਆਂ ਦਾ ਤਬਾਦਲਾ।**

23. (1) ਇਸ ਐਕਟ ਦੇ ਅਰੰਭ ਤੇ ਅਤੇ ਤੋਂ, ਕੋਈ ਦੀਵਾਨੀ ਅਦਾਲਤ ਇਸ ਐਕਟ ਅਧੀਨ ਆਉਂਦੇ ਕਿਸੇ ਵੀ ਰਿਣ ਦੀ ਵਸੂਲੀ ਲਈ ਦਾਇਰ ਕੀਤੇ ਗਏ ਕਿਸੇ ਵੀ ਨਵੇਂ ਦਾਵੇ ਨੂੰ ਗ੍ਰਹਿਣ ਨਹੀਂ ਕਰੇਗੀ।

(2) ਅਜਿਹੇ ਅਰੰਭ 'ਤੇ ਕਿਸੇ ਅਜਿਹੇ ਰਿਣ ਦੇ ਬਾਰੇ ਵਿੱਚ ਦੀਵਾਨੀ ਅਦਾਲਤ ਵਿੱਚ ਲੰਬਿਤ ਕੋਈ ਦਾਵਾ, ਉਸ ਅਦਾਲਤ ਦੁਆਰਾ ਮਾਮਲੇ ਵਿੱਚ ਅਧਿਕਾਰਤਾ ਰੱਖਣ ਵਾਲੇ ਫੋਰਮ ਨੂੰ ਤਬਦੀਲ ਕਰ ਦਿੱਤਾ ਜਾਵੇਗਾ।

**ਬਕਾਇਆ ਰਕਮਾਂ ਦੀ ਵਸੂਲੀ।**

24. ਇਸ ਐਕਟ ਅਧੀਨ ਪਾਸ ਕੀਤੇ ਗਏ ਫੋਰਮ ਦੇ ਹੁਕਮ ਨੂੰ ਉਸ ਖੇਤਰ ਵਿੱਚ ਅਧਿਕਾਰਤਾ ਰੱਖਣ ਵਾਲੀ ਦੀਵਾਨੀ ਅਦਾਲਤ ਦੁਆਰਾ ਤਕਮੀਲ ਕੀਤਾ ਜਾਵੇਗਾ ਜਿਵੇਂ ਕਿ ਇਹ ਉਸ ਅਦਾਲਤ ਦੀ ਇੱਕ ਡਿਗਰੀ ਜਾਂ ਹੁਕਮ ਹੋਵੇ।

**ਪਰਮ ਪ੍ਰਭਾਵੀ ਹੋਣਾ।**

25. ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆ ਵੀ, ਇਸ ਐਕਟ ਦੇ ਉਪਬੰਧ ਪਰਮ ਪ੍ਰਭਾਵੀ ਹੋਣਗੇ।

**ਨਿਯਮ ਬਣਾਉਣ ਦੀ ਸ਼ਕਤੀ।**

26. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਉਨ੍ਹਾਂ ਸਾਰੇ ਮਾਮਲਿਆਂ ਲਈ ਉਪਬੰਧ ਕਰਨ ਲਈ ਨਿਯਮ ਬਣਾ ਸਕੇਗੀ ਜਿਨ੍ਹਾਂ ਲਈ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਦੇ ਪ੍ਰਯੋਜਨ ਲਈ ਉਪਬੰਧ ਕਰਨਾ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਹੈ।

(2) ਉਪ-ਧਾਰਾ (1) ਅਧੀਨ ਬਣਾਏ ਗਏ ਨਿਯਮ, ਪੂਰਬਲੇ ਪ੍ਰਕਾਸ਼ਨ ਦੀ ਸ਼ਰਤ ਦੇ ਤਾਬੇ ਹੋਣਗੇ।

(3) ਇਸ ਐਕਟ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਵਿੱਚ ਜਾਂ ਦੋ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਣ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਕੀਤੇ ਜਾਣੋਂ ਰਹਿ ਗਈ ਕਿਸੇ ਗੱਲ ਦੀ ਜਾਇਜ਼ਤਾ 'ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਸਰਕਾਰ ਦੀ ਨਿਰਦੇਸ਼ ਜਾਰੀ ਕਰਨ ਦੀ ਸ਼ਕਤੀ।

27. ਸਰਕਾਰ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਅਤੇ ਖ਼ਾਸ ਤੌਰ ਤੇ ਉਹਨਾਂ ਸਾਹਮਣੇ ਰਿਣ ਕੇਸਾਂ ਦੇ ਤੇਜੀ ਨਾਲ ਨਿਪਟਾਰੇ ਦੇ ਬਾਬਤ ਫੋਰਮ ਜਾਂ ਟ੍ਰਿਬਿਊਨਲ ਨੂੰ ਨਿਰਦੇਸ਼ ਜਾਰੀ ਕਰ ਸਕੇਗੀ।

ਸਰਕਾਰ ਦੀ ਕਠਨਾਈਆਂ ਹੱਲ ਕਰਨ ਦੀ ਸ਼ਕਤੀ।

28. ਜੇ ਫੋਰਮ ਜਾਂ ਟ੍ਰਿਬਿਊਨਲ, ਜਿਹੀ ਕਿ ਸੂਰਤ ਹੋਵੇ, ਦੇ ਅੱਗੇ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਫੋਰਮ ਜਾਂ ਟ੍ਰਿਬਿਊਨਲ ਅਜਿਹੀ ਕਠਨਾਈ ਦਾ ਸਰਕਾਰ ਨੂੰ ਹਵਾਲਾ ਭੇਜ ਸਕੇਗਾ ਅਤੇ ਅਜਿਹੇ ਮਾਮਲੇ ਵਿੱਚ ਸਰਕਾਰ ਦਾ ਹੁਕਮ ਅੰਤਮ ਹੋਵੇਗਾ:

ਪਰੰਤੂ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਤੋਂ ਤਿੰਨ ਸਾਲ ਦੀ ਮੁੱਦਤ ਗੁਜ਼ਰਨ ਤੋਂ ਪਿੱਛੋਂ ਸਰਕਾਰ ਦੁਆਰਾ ਅਜਿਹਾ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

29. (1) ਪੰਜਾਬ ਰਿਣਦਾਰੀ ਰਾਹਤ ਐਕਟ, 1934, ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ। ਨਿਰਸਨ ਅਤੇ ਬਚਾਉ।

(2) ਉਪ-ਧਾਰਾ (1) ਵਿੱਚ ਹਵਾਲਾ ਕੀਤੇ ਗਏ ਐਕਟ ਦੇ ਨਿਰਸਨ ਦੇ ਹੁੰਦਿਆ ਹੋਇਆਂ ਵੀ, ਉਕਤ ਐਕਟ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੀਤੀ ਗਈ ਕੋਈ ਕਾਰਵਾਈ, ਇਸ ਐਕਟ ਦੇ ਉਪਬੰਧਾਂ ਅਧੀਨ ਕੀਤੀ ਜਾਂ ਕੀਤੀ ਗਈ ਸਮਝੀ ਜਾਵੇਗੀ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

**ਡਿਸਕਲੇਮਰ:-** ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

*3840/9-2026/Pb. Govt. Press, S.A.S. Nagar*